ਅਰਮਾਨ (ARMAAN)
(An International Multidisciplinary, Open Access
Peer-Reviewed & Indexed Research Journal)
Vol. 3 | Issue 4 | Oct.-Dec. 2025

ISSN: 2583-9446 (O)
Paper Published Id: ARMN030403
Available online at: www.armaan.org.in
DOI: https://doi.org/10.64119/armaan.vol.3.issue4.03

# ਪੰਜਾਬੀ ਨਾਵਲ ਵਿਚ ਸਿੱਖ ਇਤਿਹਾਸਕ ਵੇਰਵਿਆਂ ਦਾ ਗਲਪੀ ਰੁਪਾਂਤਰਣ
## (ਮਹਿੰਦਰਪਾਲ ਧਾਲੀਵਾਲ ਦੇ ਨਾਵਲ 'ਬਾਗ਼ੀ ਹੋਈ ਪੌਣ' ਅਤੇ 'ਸੋਫ਼ੀਆ' ਦੇ ਸੰਦਰਭ ਵਿਚ)

# Punjabi Novel Vich Sikh Itihasik Vervian Da Galpi Rupantaran
## (Mahinderpal Dhaliwal De Novel 'Baagi Hoi Paun' Ate 'Sofia' De Sandarbh Vich)

**ਜਗਮੀਤ ਸਿੰਘ ਹਰਫ਼ (Jagmeet Singh Harf)**
**ਸਹਾਇਕ ਪ੍ਰੋਫ਼ੈਸਰ, ਪੰਜਾਬੀ (Asst. Professor, Punjabi)**
**ਐਮ. ਆਰ. ਸਰਕਾਰੀ ਕਾਲਜ, ਫਾਜਿਲਕਾ (ਪੰਜਾਬ)**
**Email ID:** Jagmeet4991@gmail.com **ਮੋਬਾਈਲ:** +91-9988746178

**ਸਾਰ (Abstract)**

*ਪੰਜਾਬੀ ਗਲਪ (ਕਹਾਣੀ ਤੇ ਨਾਵਲ) ਉਪਰ ਮੱਧਕਾਲੀਨ ਸਾਹਿਤ ਧਾਰਾਵਾਂ ਵਿਚੋਂ ਸਭ ਤੋਂ ਵੱਧ ਪ੍ਰਭਾਵ ਗੁਰਮਤਿ ਧਾਰਾ ਦਾ ਪਿਆ ਹੈ, ਬੇਸ਼ੱਕ ਕਹਾਣੀ ਤੇ ਨਾਵਲ ਆਧੁਨਿਕ ਸਾਹਿਤ ਰੂਪ ਹਨ ਪਰ ਫੇਰ ਵੀ ਇਨ੍ਹਾਂ ਦੋਵੇਂ ਸਾਹਿਤ-ਰੂਪਾਕਾਰਾਂ ਨੇ ਮੱਧਕਾਲੀ ਬਿਰਤਾਂਤ ਨੂੰ ਆਪਣੀ ਸੰਰਚਨਾ ਵਿਚ ਢਾਲ ਕੇ ਸਮਕਾਲੀ ਵਸਤੂ ਯਥਾਰਥ ਨੂੰ ਪੇਸ਼ ਕਰਨ ਦਾ ਉਪਰਾਲਾ ਕੀਤਾ ਹੈ। ਪੰਜਾਬੀ ਸਮਾਜ ਸਿੱਖ ਧਰਮ ਨਾਲ ਸੰਬੰਧਿਤ ਹੋਣ ਕਾਰਨ ਭਾਵੁਕ ਪੱਧਰ ਤੇ ਇਸਦੇ ਨਾਇਕਾਂ, ਘਟਨਾਵਾਂ, ਥਾਵਾਂ, ਵੇਰਵਿਆਂ ਨਾਲ ਜੁੜਿਆ ਹੋਇਆ ਹੈ। ਇਸ ਕਰਕੇ ਪੰਜਾਬੀ ਸਾਹਿਤਕਾਰਾਂ ਨੇ ਆਧੁਨਿਕ ਦੌਰ ਵਿਚ ਪੈਦਾ ਹੋ ਰਹੇ ਸਮਾਜਿਕ, ਰਾਜਸੀ ਅਤੇ ਹੋਰ ਪ੍ਰਕਾਰ ਦੇ ਅਪਦ੍ਰਵਾਂ ਨੂੰ ਸਿੱਖ ਦਰਸ਼ਨ ਨਾਲ ਜੋੜ ਕੇ ਪੇਸ਼ ਕੀਤਾ ਹੈ। ਪੰਜਾਬੀ ਨਾਵਲਕਾਰੀ ਵਿਚ ਸਿੱਖ ਇਤਿਹਾਸਕ ਤੱਥਾਂ ਦਾ ਗਲਪੀ ਰੁਪਾਂਤਰਣ ਭਾਈ ਵੀਰ ਸਿੰਘ ਦੇ ਨਾਵਲਾਂ ਤੋਂ ਆਂਸ਼ਿਕ ਰੂਪ ਵਿਚ ਸ਼ੁਰੂ ਹੁੰਦਾ ਹੈ ਕਿਉਂਕਿ ਉਸਦੇ ਨਾਵਲ ਧਰਮ ਦੇ ਪ੍ਰਚਾਰ ਨਾਲ ਜੁੜੇ ਹੋਏ ਹਨ, ਇਸ ਤਰ੍ਹਾਂ ਹੀ ਚਰਨ ਸਿੰਘ ਸ਼ਹੀਦ ਦੇ ਨਾਵਲ ਸਿੱਖਾਂ ਦੀ ਵਡਿਆਈ ਨੂੰ ਗਲਪੀ ਰੂਪ ਵਿਚ ਢਾਲਦੇ ਹਨ ਦੂਜੇ ਪਾਸੇ ਭਾਈ ਮੋਹਨ ਸਿੰਘ ਵੈਦ, ਹਰਿਨਾਮ ਦਾਸ ਸਹਿਰਾਈ, ਭਾਈ ਅਮਰ ਸਿੰਘ, ਨਾਨਕ ਸਿੰਘ, ਸੋਹਣ ਸਿੰਘ ਸ਼ੀਤਲ, ਆਦਿ ਨੇ ਸਿੱਖ ਇਤਿਹਾਸਕ ਪ੍ਰਸੰਗਾਂ ਨੂੰ ਗਲਪੀ ਰੂਪ ਵਿਚ ਪੇਸ਼ ਕੀਤਾ। ਅਜੋਕੇ ਨਾਵਲਕਾਰਾਂ ਵਿਚ ਵੀ ਸਿੱਖ ਧਰਮ ਦੇ ਇਤਿਹਾਸਕ ਪ੍ਰਸੰਗਾਂ ਨੂੰ ਪੇਸ਼ ਕਰਨ ਦੀ ਰੁਚੀ ਪ੍ਰਬਲ ਹੈ, ਇਨ੍ਹਾਂ ਵਿਚੋਂ ਬਲਦੇਵ ਸੜਕਨਾਮਾ ਪ੍ਰਮੁੱਖ ਹੈ ਇਸਦੇ ਨਾਲ ਹੀ ਅਜਿਹੀ ਬਿਰਤਾਂਤਕਾਰੀ ਲਈ ਪ੍ਰਵਾਸੀ ਨਾਵਲਕਾਰ ਮਹਿੰਦਰ ਪਾਲ ਧਾਲੀਵਾਲ ਦਾ ਵੀ ਵਿਸ਼ੇਸ਼ ਯੋਗਦਾਨ ਹੈ। ਹੱਥਲੇ ਪੇਪਰ ਵਿਚ ਧਾਲੀਵਾਲ ਦੁਆਰਾ ਵਰਤੇ ਗਏ ਇਤਿਹਾਸਕ ਤੱਥਾਂ ਦੇ ਗਲਪੀਕਰਨ ਪਿੱਛੇ ਕਾਰਜ਼ਸ਼ੀਲ ਵਿਚਾਰਧਾਰਾ ਨੂੰ ਸਮਝਣਾ ਹੈ। ਇਸ ਲਈ ਉਸਦੇ ਦੋ ਨਾਵਲ 'ਬਾਗ਼ੀ ਹੋਈ ਪੌਣ' ਅਤੇ 'ਸੋਫ਼ੀਆ' ਨੂੰ ਵਿਸ਼ੇਸ਼ ਸੰਦਰਭ ਵਿਚ ਰੱਖਿਆ ਗਿਆ ਹੈ।*

***ਕੀਵਰਡ (Keyword):*** *ਨਾਵਲ, ਗ਼ਲਪ, ਇਤਿਹਾਸਕ-ਬਿਰਤਾਂਤਕਾਰੀ, ਰੁਪਾਂਤਰਣ, ਨਾਇਕ, ਭੂ-ਹੇਰਵਾ, ਨਸਲਕੁਸ਼ੀ ਅਤੇ ਗੁਰੀਲਾ-ਯੁੱਧ।*

ਮਹਿੰਦਰ ਪਾਲ ਸਿੰਘ ਧਾਲੀਵਾਲ ਦੇ ਨਾਵਲਾਂ ਦੀ ਵਿਚਾਰਧਾਰਾ ਮਨੁੱਖੀ ਜੀਵਨ ਦੀਆਂ ਜਟਿਲ ਪਰਤਾਂ ਨੂੰ ਇਤਿਹਾਸਿਕ ਬਿਰਤਾਂਤਕਾਰੀ ਦੇ ਮਾਧਿਅਮ ਨਾਲ ਸਮਝ ਕੇ ਉਨ੍ਹਾਂ ਦੇ ਤਾਰਕਿਕ ਸਮਾਧਾਨ ਤਲਾਸ਼ਣ ਵੱਲ ਰੁਚਿਤ ਹੈ। ਇਸੇ ਸੰਦਰਭ ਵਿਚ ਉਹ ਮਾਨਵੀ ਇਤਿਹਾਸ ਵਿਚ ਘਟਿਤ ਘਟਨਾਵਾਂ ਨੂੰ ਕਲਾਤਮਕ ਰੂਪ ਵਿਚ ਢਾਲਦਾ ਹੈ ਅਤੇ ਸਮੁੱਚੀ ਮਾਨਵਤਾ ਨੂੰ ਇਤਿਹਾਸ ਤੋਂ ਪ੍ਰੇਰਿਤ ਹੋਣ ਦਾ ਸੰਦੇਸ਼ ਦਿੰਦਾ ਹੈ। ਇਸ ਕਰਕੇ ਹੀ ਉਸਦੀ ਸਮੁੱਚੀ ਵਿਚਾਰਧਾਰਾ ਇਤਿਹਾਸਕ ਤੱਥਾਂ ਦੇ ਗਲਪੀਕਰਨ ਉਪਰ ਉਸਰੀ ਹੋਈ ਪ੍ਰਤੀਤ ਹੁੰਦੀ ਹੈ।

ਸੋਫ਼ੀਆ ਮਹਿੰਦਰਪਾਲ ਸਿੰਘ ਧਾਲੀਵਾਲ ਦਾ ਇਤਿਹਾਸਕ ਦ੍ਰਿਸ਼ਟੀ ਤੋਂ ਮਹੱਤਵਪੂਰਨ ਨਾਵਲ ਹੈ। ਇਸ ਵਿਚ ਮਹਾਰਾਜਾ ਦਲੀਪ ਸਿੰਘ ਦੀ ਛੋਟੀ ਧੀ ਰਾਜਕੁਮਾਰੀ ਸੋਫ਼ੀਆ ਦਲੀਪ ਸਿੰਘ ਦੇ ਜੀਵਨ ਬ੍ਰਿਤਾਂਤ ਤੋਂ ਇਲਾਵਾ ਉਸਦੇ ਰਾਜਨੀਤਕ ਅਤੇ ਸਮਾਜਿਕ ਕਾਰਜਾਂ ਦਾ ਮੁਲਾਂਕਣ ਵੀ ਕੀਤਾ ਗਿਆ ਹੈ। ਇਸ ਨਾਵਲ ਵਿਚ ਮਹਾਰਾਜਾ ਰਣਜੀਤ ਸਿੰਘ ਦੇ ਵੰਸ਼ਜਾਂ ਦਾ ਦੁਖਦਾਇਕ ਅੰਤ ਪੇਸ਼ ਕੀਤਾ ਗਿਆ ਹੈ। ਨਾਵਲ ਵਿਚੋਂ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਭਾਗ, ਮਹਾਰਾਜਾ ਦਲੀਪ ਸਿੰਘ ਦੇ ਨਿੱਜੀ ਜੀਵਨ ਵਿਚ ਆਏ ਉਤਰਾਅ ਚੜ੍ਹਾਅ ਨੂੰ ਬਿਰਤਾਂਤ ਵਜੋਂ ਪੇਸ਼ ਕੀਤਾ ਗਿਆ ਹੈ। ਨਾਵਲਕਾਰ ਨੇ ਇਤਿਹਾਸਕ ਘਟਨਾਵਾਂ ਤੇ ਤੱਥਾਂ ਨੂੰ ਪੂਰੇ ਵਿਧੀਵਤ ਢੰਗ ਨਾਲ ਪੇਸ਼ ਕੀਤਾ ਹੈ। ਪੰਜਾਬ ਤੇ ਅੰਗਰੇਜ਼ੀ ਹਕੂਮਤ ਦਾ ਕਬਜ਼ਾ ਹੋਣ ਉਪਰੰਤ ਮਹਾਰਾਜਾ ਦਲੀਪ ਸਿੰਘ ਦੀ ਮਾਤਾ ਮਹਾਰਾਣੀ ਜਿੰਦ ਕੌਰ ਨੂੰ ਕੈਦ ਕਰ ਲਿਆ ਗਿਆ ਤੇ ਮਹਾਰਾਜੇ ਨੂੰ ਇੰਗਲੈਂਡ ਲਿਆਂਦਾ ਗਿਆ, ਇੱਥੇ ਮਹਾਰਾਜੇ ਨੂੰ ਈਸਾਈ ਧਰਮ ਦੀ ਸਿਖਿਆ ਦਿੱਤੀ ਗਈ ਜਿਸ ਕਾਰਨ ਉਸਨੇ ਬਰਤਾਨਵੀ ਸਭਿਆਚਾਰ ਨੂੰ ਅਪਣਾ ਲਿਆ ਤੇ ਆਪਣੇ ਅਤੀਤ ਨੂੰ ਲੱਗਭਗ ਵਿਸਾਰ ਦਿੱਤਾ। ਮਹਾਰਾਣੀ ਵਿਕਟੋਰੀਆ ਦੇ ਪੁੱਤਰ ਨਾਲ ਦੋਸਤੀ ਹੋਣ ਕਾਰਨ ਉਹ ਅੱਯਾਸ਼ੀ ਕਰਨ ਲੱਗਾ ਜਿਸ ਕਾਰਨ ਸਰਕਾਰ ਵੱਲੋਂ ਮਿਲਦਾ ਖ਼ਰਚਾ ਵੀ ਉਸਨੂੰ ਘੱਟ ਜਾਪਣ ਲੱਗਾ। ਨਾਵਲ ਦੀ ਕੇਂਦਰੀ ਪਾਤਰ ਸੋਫ਼ੀਆ ਹੈ ਜੋ ਮਹਾਰਾਜਾ ਦਲੀਪ ਸਿੰਘ ਦੀ ਸਭ ਤੋਂ ਛੋਟੀ ਧੀ ਹੈ। ਸੋਫ਼ੀਆ ਆਪਣੀਆਂ ਭੈਣਾਂ ਨਾਲ ਲਾਹੌਰ ਦੇਖਣ ਭਾਰਤ ਆਉਂਦੀ ਹੈ ਜਿਸ ਕਾਰਨ ਉਸਨੂੰ ਆਪਣੇ ਜੱਦੀ ਰਾਜ ਭਾਗ ਦਾ ਪਤਾ ਚੱਲਦਾ ਹੈ। ਨਾਲ ਹੀ ਉਸਨੂੰ ਬਰਤਾਨਵੀ ਹਕੂਮਤ ਵੱਲੋਂ ਕੀਤੀ ਗਈ ਜ਼ਿਆਦਤੀ ਬਾਰੇ ਪਤਾ ਚਲਦਾ ਹੈ।

 Received: 05 Nov. 2025 Accepted: 30 Nov. 2025 Published: 05 Dec. 2025

ਰਾਜਕੁਮਾਰੀ ਸੋਫ਼ੀਆ ਰਾਜਸੀ ਤੌਰ ਤੇ ਚੇਤੰਨ ਹੋਣ ਕਾਰਨ ਸਮਾਜਿਕ ਲਹਿਰ ਦਾ ਹਿੱਸਾ ਬਣਦੀ ਹੈ। ਉਸਨੇ ਔਰਤਾਂ ਦੇ ਹੱਕਾਂ ਲਈ ਉੱਠੀ ਆਵਾਜ਼ ਦਾ ਸਮਰਥਨ ਹੀ ਨਹੀਂ ਕੀਤਾ ਬਲਕਿ ਉਸ ਲੜਾਈ ਨੂੰ ਆਪਣੇ ਮੋਢਿਆਂ ਤੇ ਰੱਖ ਕੇ ਲੜੀ। ਉਸਨੇ ਔਰਤਾਂ ਨੂੰ ਵੋਟ ਦਾ ਅਧਿਕਾਰ ਦੁਆਉਣ ਲਈ ਸਮਾਜਿਕ ਸੰਘਰਸ਼ ਕੀਤਾ। ਨਾਵਲ ਦੀ ਵਿਡੰਬਨਾ ਇਹ ਹੈ ਕਿ ਉਹ ਸਾਰੀ ਉਮਰ ਈਸਾਈ ਧਰਮ ਨੂੰ ਮੰਨਦੀ ਰਹੀ ਪਰ ਅੰਤ ਵਿਚ ਦਫ਼ਨ ਦੀ ਬਜਾਇ ਅਗਨ ਭੇਂਟ ਹੋਣ ਦੀ ਇੱਛਾ ਜ਼ਾਹਰ ਕਰਦੀ ਹੈ। ਇਹ ਨਾਵਲ ਮਹਾਰਾਜਾ ਦਲੀਪ ਸਿੰਘ ਦੇ ਜੀਵਨ ਬ੍ਰਿਤਾਂਤ ਦੇ ਸਮਾਂਤਰ ਸੋਫ਼ੀਆ ਦੇ ਰਾਜਸੀ, ਸਮਾਜਿਕ ਕਾਰਜਾਂ ਤੋਂ ਇਲਾਵਾ ਬਰਤਾਨਵੀ ਸਭਿਆਚਾਰ ਅਤੇ ਸਰਕਾਰ ਦੀਆਂ ਨੀਤੀਆਂ ਨੂੰ ਨੰਗਾ ਕਰਨ ਦਾ ਬ੍ਰਿਤਾਂਤ ਸਿਰਜਦਾ ਹੈ।

ਬਾਗ਼ੀ ਹੋਈ ਪੌਣ ਮਹਿੰਦਰਪਾਲ ਸਿੰਘ ਧਾਲੀਵਾਲ ਦਾ ਇਕ ਹੋਰ ਮਹੱਤਵਪੂਰਨ ਇਤਿਹਾਸਕ ਨਾਵਲ ਹੈ। ਇਸ ਨਾਵਲ ਦਾ ਬਿਰਤਾਂਤ ਲੱਗਭੱਗ ਡੇਢ ਸਦੀ (1715 ਈਸਵੀ ਤੋਂ 1839 ਈਸਵੀ) ਤੱਕ ਫੈਲਿਆ ਹੋਇਆ ਹੈ। ਨਾਵਲ ਦੀ ਸ਼ੁਰੂਆਤ ਸਿੱਖ ਕੌਮ ਦੇ ਬੇਹੱਦ ਤੰਗੀ ਵਾਲੇ ਦਿਨਾਂ ਤੋਂ ਹੁੰਦੀ ਹੈ। ਲੋਕ ਸਿੱਖ ਧਰਮ ਦੀ ਰੱਖਿਆ ਲਈ ਕੁਰਬਾਨੀ ਦੇਣ ਹਿਤ ਬੰਦੇ ਦੀ ਖਾਲਸਾਈ ਫੌਜ ਦਾ ਹਿੱਸਾ ਬਣ ਰਹੇ ਹਨ, ਫਰਖੁਸੀਅਰ ਨੇ ਸਿੱਖਾਂ ਦਾ ਨਾਮੋ-ਨਿਸ਼ਾਨ ਮਿਟਾਉਣ ਦੀ ਜ਼ਿੱਦ ਫੜੀ ਹੋਈ ਹੈ ਅਤੇ ਬੰਦਾ ਸਿੰਘ ਜੋ ਕਸ਼ਮੀਰ ਵਿਖੇ ਆਪਣੀਆਂ ਦੋ ਪਤਨੀਆਂ ਨਾਲ ਰਹਿ ਰਿਹਾ ਹੈ ਨੂੰ ਫੜਨ ਲਈ ਸਮਦ ਖਾਨ ਦੀ ਅਗਵਾਈ ਵਿੱਚ ਸੈਨਾ ਭੇਜੀ ਹੋਈ ਹੈ। ਨਾਵਲੀ ਬਿਰਤਾਂਤ ਵਿਚ ਸਿੱਖ ਰਾਜ ਅਤੇ ਸਿੱਖਾਂ ਨੂੰ ਖਤਮ ਕਰਨ ਲਈ ਸੱਤਾ ਦੇ ਰਾਜਸੀ ਨੁਕਤਿਆਂ ਨੂੰ ਪੇਸ਼ ਕੀਤਾ ਗਿਆ ਹੈ। ਸਮੁੱਚੇ ਨਾਵਲ ਇਤਿਹਾਸਕ ਤੱਥਾਂ ਨੂੰ ਲੜੀਵਾਰ ਪੇਸ਼ ਕਰਦਾ ਹੈ। ਫਰਖੁੱਸੀਅਰ ਦੀ ਸਿੱਖ ਨਸਲਕੁਸ਼ੀ ਅਤੇ ਸਿੱਖ ਪਛਾਣ ਨੂੰ ਬਚਾ ਕੇ ਰੱਖਣ ਲਈ ਸਿੱਖਾਂ ਨੇ ਜੰਗਲਾਂ, ਪਹਾੜਾਂ ਵਿੱਚ ਸ਼ਰਣ ਲਈ ਇਥੋਂ ਹੀ ਉਨ੍ਹਾਂ ਵਿੱਚ ਗੁਰੀਲਾ ਯੁੱਧ ਤਕਨੀਕ ਦਾ ਗੁਣ ਵਿਕਸਿਤ ਹੋਇਆ। ਨਾਵਲ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਦੇ ਨਾਲ ਨਾਲ ਉਸਦੀਆਂ ਪਤਨੀਆਂ ਅਤੇ ਦਾਸੀਆਂ ਦੇ ਸਤੀ ਹੋਣ ਨਾਲ ਖਤਮ ਹੋ ਜਾਂਦਾ ਹੈ। ਇਸ ਤਰ੍ਹਾਂ ਨਾਵਲ ਵਿਚ ਭਾਰਤ ਅਤੇ ਪੰਜਾਬ ਦੇ ਇਤਿਹਾਸ ਦੇ ਇਕ-ਡੇਢ ਸਦੀ ਦੇ ਕਾਲਖੰਡ ਨੂੰ ਗਲਪੀ ਰੂਪ ਦਿੱਤਾ ਹੈ। ਜਿਸ ਵਿਚ ਮੁਗਲ ਸ਼ਾਸਕ ਬਹਾਦਰ ਸ਼ਾਹ ਤੋਂ ਬਾਅਦ ਦੇ ਸ਼ਾਸਕਾਂ ਦੁਆਰਾ ਸਿੱਖਾਂ ਉਪਰ ਤਸ਼ੱਦਦ, ਸਿੱਖਾਂ ਦਾ ਸਵੈ ਪਛਾਣ ਨੂੰ ਬਚਾਉਣਾ, ਗੁਰੀਲਾ ਯੁੱਧ ਤਕਨੀਕ, ਨਾਦਰਸ਼ਾਹੀ ਹਮਲੇ, ਸਿੱਖ ਮਿਸਲਾਂ ਦਾ ਉਥਾਨ, ਮਹਾਰਾਜਾ ਰਣਜੀਤ ਸਿੰਘ ਦਾ ਰਾਜ ਭਾਗ, ਬ੍ਰਿਟਿਸ਼ ਸਰਕਾਰ ਦੇ ਸਿੱਖ ਰਾਜ ਨਾਲ ਸੰਬੰਧ, ਮਹਾਰਾਜਾ ਰਣਜੀਤ ਸਿੰਘ ਦੀ ਮੌਤ ਆਦਿ ਨੂੰ ਕਲਾਤਮਿਕ ਢੰਗ ਨਾਲ ਪੇਸ਼ ਕੀਤਾ ਹੈ।

ਧਾਲੀਵਾਲ ਦੇ ਨਾਵਲ ਨਿਰੋਲ ਇਤਿਹਾਸਕ ਪਾਤਰਾਂ, ਘਟਨਾਵਾਂ, ਲਹਿਰਾਂ, ਅੰਦੋਲਨਾਂ ਨੂੰ ਆਪਣੀ ਪਿੱਠ ਭੂਮੀ ਵਜੋਂ ਵਰਤਦੇ ਹਨ। ਇਸ ਤੋਂ ਪਹਿਲਾਂ ਕਿ ਉਸਦੇ ਨਾਵਲਾਂ ਵਿਚ ਸਮਾਹਿਤ ਇਤਿਹਾਸ ਬੋਧ ਨੂੰ ਸਮਝੀਏ ਜ਼ਰੂਰੀ ਹੈ ਇਤਿਹਾਸ ਅਤੇ ਗਲਪ/ਨਾਵਲ ਦੇ ਅੰਤਰਸੰਬੰਧ ਨੂੰ ਜਾਣ ਲਿਆ ਜਾਵੇ।

ਇਤਿਹਾਸ ਅਤੇ ਨਾਵਲ ਬੇਸ਼ੱਕ ਦੋਵੇਂ ਵੱਖੋ ਵੱਖਰੇ ਅਨੁਸ਼ਾਸਨ ਹਨ। ਕਿਉਂਕਿ ਇਤਿਹਾਸ ਨਿਰੋਲ ਤੱਥ ਆਧਾਰਿਤ ਅਤੇ ਗਲਪ ਜਾਂ ਨਾਵਲ ਕਲਪਨਾ ਆਧਾਰਤ ਹੁੰਦਾ ਹੈ ਪਰ ਫੇਰ ਵੀ ਦੋਵੇਂ ਅੰਤਰਸੰਬੰਧਤ ਹਨ। ਨਾਵਲਕਾਰ ਆਪਣੀ ਕਾਲਪਨਿਕ ਦ੍ਰਿਸ਼ਟੀ ਨਾਲ ਇਤਿਹਾਸ ਨੂੰ ਸਵੈ ਅਨੁਭਵ ਨਾਲ ਪੇਸ਼ ਕਰਦਾ ਹੈ। ਪਰ ਨਾਵਲ ਅਤੇ ਇਤਿਹਾਸ ਸਿਰਜਣ ਵਿਚ ਇਕ ਫਰਕ ਹੁੰਦਾ ਹੈ। ਡਾ. ਰਵਿੰਦਰ ਕੁਮਾਰ ਅਨੁਸਾਰ,

*"ਇਤਿਹਾਸਕਾਰਾਂ ਰਾਹੀਂ ਜੋ ਇਤਿਹਾਸ ਸਾਡੇ ਤੱਕ ਪੁੱਜਦਾ ਹੈ, ਉਹ ਸਥਾਪਿਤ ਸੱਤਾ ਦੁਆਰਾ ਲਿਖਿਆ ਜਾਂ ਲਿਖਾਇਆ ਜਾਂਦਾ ਹੈ। ਇਤਿਹਾਸ ਹਮੇਸ਼ਾ ਉਨ੍ਹਾਂ ਲੋਕਾਂ ਦਾ ਹੀ ਲਿਖਿਆ ਜਾਂਦਾ ਹੈ ਜਿਨ੍ਹਾਂ ਦੇ ਹੱਥ ਰਾਜ ਦੀ ਵਾਗਡੋਰ ਹੁੰਦੀ ਹੈ।"[1]*

ਅਜਿਹੇ ਇਤਿਹਾਸ ਵਿਚੋਂ ਦਮਿਤ ਲੋਕਾਂ ਦੀ ਗੱਲ ਛੱਡ ਦਿੱਤੀ ਜਾਂਦੀ ਹੈ। ਨਾਵਲ ਵਿਚ ਇਨ੍ਹਾਂ ਛੱਡੇ ਹੋਏ ਵਰਗਾਂ ਦੀ ਗੱਲ ਕੇਂਦਰੀ ਵਸਤੂ ਵਜੋਂ ਪੇਸ਼ ਕੀਤੀ ਜਾਂਦੀ ਹੈ। ਇਸ ਤਰ੍ਹਾਂ ਇਤਿਹਾਸ ਵੱਲੋਂ ਅਣਗੌਲੇ ਲੋਕ ਸਾਹਿਤ ਵਿੱਚ ਗੌਲਣਯੋਗ ਹੋ ਜਾਂਦੇ ਹਨ। ਇਤਿਹਾਸ ਵਿੱਚ ਲਿਖਨ ਸਮੇਂ ਪ੍ਰਤੀਕ, ਰਸ, ਵਕ੍ਰੋਕਤੀ ਆਦਿ ਸੰਪਰਦਾਇ ਦੀ ਵਰਤੋਂ ਨਹੀਂ ਕੀਤੀ ਜਾਂਦੀ, ਜਦ ਕਿ ਸਾਹਿਤ ਇਹਨਾਂ ਤੋਂ ਬਿਨਾਂ ਰਚਿਆ ਨਹੀਂ ਜਾ ਸਕਦਾ ਹੈ। ਸਾਹਿਤ ਵਿੱਚ ਸ਼ਬਦਾਂ ਦੀ ਕਲਾਤਮਕਤਾ, ਸੁਹਜਤਾ, ਅਨੁਭਵ ਸ਼ਾਮਲ ਹੁੰਦੇ ਹਨ। ਇਤਿਹਾਸ ਵਿੱਚ ਤੱਥ, ਪ੍ਰਸ਼ਾਸਨ, ਕਾਨੂੰਨ ਆਦਿ ਸ਼ਾਮਲ ਹੁੰਦਾ ਹੈ। ਸਾਹਿਤ ਵਿੱਚ ਆਮ ਲੋਕਾਂ ਦੀ ਪ੍ਰਤੀਨਿਧਤਾ ਹੁੰਦੀ ਹੈ, ਸਾਹਿਤ ਆਮ ਲੋਕਾਂ ਦਾ ਹੀ ਹੁੰਦਾ ਹੈ। ਇਤਿਹਾਸ ਵਿੱਚ ਉੱਚ ਵਰਗ ਦੀ ਪ੍ਰਤੀਨਿਧਤਾ ਕੀਤੀ ਜਾਂਦੀ ਹੈ। ਸਾਹਿਤ ਵਿੱਚ ਸਾਹਿਤਕਾਰ ਆਪਣੀ ਜਿੰਦਗੀ ਦੇ ਅਨੁਭਵ, ਤਜਰਬੇ ਸ਼ਾਮਲ ਹੋ ਸਕਦੇ ਹਨ, ਪਰੰਤੂ ਇਤਿਹਾਸ ਵਿੱਚ ਇਤਿਹਾਸਕਾਰ ਆਪਣੇ ਵਿਚਾਰ ਪੇਸ਼ ਨਹੀਂ ਕਰ ਸਕਦਾ। ਸਾਹਿਤ ਅਤੇ ਇਤਿਹਾਸ ਵਿੱਚ ਅੰਤਰ ਸ਼ਪੱਸਟ ਕਰਨ ਨਾਲ ਇਹਨਾਂ ਵਿੱਚ ਸੰਬੰਧ ਵੀ ਹੈ। ਸਾਹਿਤ ਵਿੱਚ ਕਿਸੇ ਵੀ ਸਾਹਿਤਕਾਰ ਜਾਂ ਕਿਸੇ ਧਾਰਾ ਨਾਲ ਸੰਬੰਧਿਤ ਕਵੀ ਦੀ ਜਾਣਕਾਰੀ, ਜੀਵਨ ਬਿਉਰਾ ਸਾਨੂੰ ਇਤਿਹਾਸ ਵਿੱਚੋਂ ਪ੍ਰਾਪਤ ਹੁੰਦਾ ਹੈ। ਸਾਹਿਤ ਦੇ ਵਰਤਮਾਨ ਵਿੱਚੋਂ ਅਸੀਂ ਇਤਿਹਾਸ ਨੂੰ ਵੇਖ ਸਕਦੇ ਹਾਂ। ਦੋ ਧਿਰਾਂ ਦੀ ਟੱਕਰ ਜਿਹੜੀ ਕਿ ਸਾਹਿਤ ਵਿੱਚ ਪੇਸ਼ ਹੁੰਦੀ ਹੈ, ਇੱਕ ਬੁਰਜ਼ੂਆ ਅਤੇ ਪ੍ਰੋਲਤਾਰੀ ਦਾ ਸੰਕਲਪ ਦੋ ਹਕੂਮਤਾਂ ਦੀ ਟੱਕਰ/ਲੜਾਈ ਜੋ ਇਤਿਹਾਸ ਵਿੱਚ ਪੇਸ਼ ਹੁੰਦੀ ਸੀ, ਉਸਦਾ ਹੀ ਸਿੱਟਾ ਹੈ। ਨਾਵਲਕਾਰ ਧਾਲੀਵਾਲ ਨੇ ਇਤਿਹਾਸ ਨਾਲ ਸੰਬੰਧਤ ਤਿੰਨ ਨਾਵਲਾਂ (ਰੁੱਤਾਂ ਲਹੂ ਲੁਹਾਣ, ਬਾਗ਼ੀ ਹੋਈ ਪੌਣ, ਸੋਫ਼ੀਆ ਦਲੀਪ ਸਿੰਘ) ਦੀ ਰਚਨਾ ਕੀਤੀ।

ਬਾਗ਼ੀ ਹੋਈ ਪੌਣ ਨਾਵਲ ਵਿਚ ਨਾਵਲਕਾਰ ਨੇ ਸਿੱਖ ਕੌਮ ਦੇ ਬੇਹੱਦ ਨਾਜ਼ੁਕ ਪਲਾਂ ਤੋਂ ਲੈ ਕੇ ਪੰਜਾਬ ਉਪਰ ਅੰਗਰੇਜ਼ੀ ਹਕੂਮਤ ਦੇ ਕਾਬਜ਼ ਹੋਣ ਦੇ ਇਤਿਹਾਸਕ ਬਿਰਤਾਂਤ ਨੂੰ ਨਾਵਲੀ ਕਥਾ ਵਿਚ ਢਾਲਿਆ ਹੈ। ਨਾਵਲਕਾਰ ਨੇ ਨਾਵਲ ਦਾ ਆਰੰਭ ਸਿੱਖਾਂ ਦਾ ਜੰਗਲਾਂ ਵਿੱਚ ਲੁਕਣ ਤੋਂ ਕੀਤਾ ਹੈ। ਵਾਸਤਵ ਵਿੱਚ ਬਾਦਸ਼ਾਹ ਫਰੁਖਸ਼ੀਅਰ ਨੇ ਸਿੱਖਾਂ ਨੂੰ ਖਤਮ ਕਰਨ ਦਾ ਬੀੜਾ ਚੁੱਕਿਆ ਹੋਇਆ ਸੀ। ਇਸ ਕਾਰਨ ਹਰੇਕ ਢੰਗ ਨਾਲ ਸਿੱਖਾਂ ਦਾ ਕਤਲੇਆਮ ਕੀਤਾ ਜਾ ਰਿਹਾ ਸੀ। ਸਿੱਖ ਇਤਿਹਾਸ ਵਿਚ ਬੰਦਾ ਸਿੰਘ ਬਹਾਦਰ ਦਾ ਜੀਵਨ ਅਤੇ ਸ਼ਹਾਦਤ ਸਿੱਖ ਪੰਥ ਵਿੱਚ ਨਵੇਂ ਮਾਪਦੰਡ ਪੈਦਾ ਕਰਦੀ ਹੈ। ਨਾਵਲ ਵਿਚੋਂ ਬੰਦਾ ਸਿੰਘ ਬਹਾਦਰ ਦੇ ਜੀਵਨ ਕਾਲ ਦਾ ਅੰਤਲਾ ਸਮਾਂ ਹੀ ਪੇਸ਼ ਕੀਤਾ ਗਿਆ ਹੈ। ਜਿਸ ਵਿਚ ਉਸਨੂੰ ਸ਼ਹੀਦ ਕਰ ਦਿੱਤਾ ਗਿਆ ਹੈ ਇਸ ਉਪਰੰਤ ਅਬਦੁਸ ਸਮਦ ਖਾਨ ਨੂੰ ਲਾਹੌਰ ਦਾ ਗਵਰਨਰ ਨਿਯੁਕਤ ਕੀਤਾ ਗਿਆ ਅਤੇ ਉਸਦੇ ਪੁੱਤਰ ਜ਼ਕਰੀਆ ਖਾਨ ਨੂੰ ਜੰਮੂ ਅਤੇ ਬਾਅਦ ਵਿੱਚ ਕਸ਼ਮੀਰ ਦਾ ਸੂਬੇਦਾਰ ਥਾਪਿਆ ਗਿਆ। ਅੰਤ 1726 ਵਿਚ ਸਮਦ ਖਾਨ ਨੂੰ ਮੁਲਤਾਨ ਦਾ ਗਵਰਨਰ ਅਤੇ ਜਕਰੀਆਂ ਖਾਂ ਨੂੰ ਲਾਹੌਰ ਦਾ ਸੂਬੇਦਾਰ ਬਣਾ ਦਿੱਤਾ

ਗਿਆ। ਇਸ ਦੇ ਨਾਲ ਹੀ ਸਿੱਖ ਕੌਮ ਦੇ ਨਸਲਘਾਤ ਦਾ ਸਮਾਂ ਅਰੰਭ ਹੁੰਦਾ ਹੈ। ਸਿੱਖਾਂ ਨੂੰ ਖਤਮ ਕਰਨ ਲਈ ਵੀਹ ਹਜ਼ਾਰ ਗਸ਼ਤੀ ਫੌਜ ਭਰਤੀ ਕੀਤੀ ਗਈ।

ਇਸ ਸਮੇਂ ਵਿੱਚ ਹੀ ਖਾਲਸੇ ਵਿੱਚ ਬੰਦਈ ਖਾਲਸਾ ਅਤੇ ਤੱਤ ਖਾਲਸਾ ਵਿਚ ਆਪਸੀ ਵਿਵਾਦ ਚੱਲ ਰਿਹਾ ਸੀ। ਉਪਰੰਤ ਕਪੂਰ ਸਿੰਘ ਨੇ ਭਾਈ ਮਨੀ ਸਿੰਘ ਨਾਲ ਵਿਚਾਰ ਵਟਾਂਦਰਾ ਕਰਕੇ ਖਾਲਸੇ ਨੂੰ ਦੋ ਭਾਗਾਂ ( ਬੁੱਢਾ ਦਲ ਅਤੇ ਤਰੁਣਾ ਦਲ) ਵਿਚ ਵੰਡ ਦਿੱਤਾ ਪਰ ਦੋਵਾਂ ਦੀ ਕਮਾਨ ਦਲ ਖਾਲਸਾ ਹੇਠ ਹੀ ਸੀ। ਇਸ ਸਮੇਂ ਨਾਦਰਸ਼ਾਹ ਨੇ ਭਾਰਤ ਉਪਰ ਹਮਲਾ ਕੀਤਾ ਪਰ ਨਾਦਰਸ਼ਾਹ ਲੁੱਟ ਖਸੁੱਟ ਕਰਕੇ ਵਾਪਸ ਚਲਾ ਗਿਆ, ਜਿਸਨੂੰ ਸਿੱਖਾਂ ਨੇ ਲੁੱਟ ਲਿਆ। ਸਿੱਖਾਂ ਦੀ ਇਸ ਗਤੀਵਿਧੀ ਤੋਂ ਤੰਗ ਨਾਦਰਸ਼ਾਹ ਜ਼ਕਰੀਏ ਨੂੰ ਪੁੱਛਿਆ-

*ਸਿਰ ਮੂੰਹ ਬੰਨ੍ਹੀ ਅੱਧ ਨੰਗੇ ਲੋਕ ਸਾਡੇ ਤੇ ਹਮਲੇ ਕਰਦੇ ਰਹੇ, ਇਹ ਕੌਣ ਹਨ? ਨਾਦਰਸ਼ਾਹ ਨੇ ਜ਼ਕਰੀਆ ਨੂੰ ਪੁੱਛਿਆ।*

*ਜ਼ਰੂਰ ਸਿੱਖ ਹੋਣਗੇ।*

*ਇਹ ਸਿੱਖ ਰਹਿੰਦੇ ਕਿਥੇ ਐ?*

*ਘੋੜਿਆਂ ਦੀਆਂ ਕਾਠੀਆਂ ਤੇ*

*"ਤੈਨੂੰ ਮੈਂ ਲਹੌਰ ਦਾ ਗਵਰਨਰ ਬਣਾਉਂਦਾ ਹਾਂ। ਵੀਹ ਲੱਖ ਹਰ ਸਾਲ ਪਹੁੰਚਦਾ ਕਰਦਾ ਰਹੀਂ। ਇਕ ਗੱਲ ਹੋਰ ਚੇਤੇ ਰੱਖੀਂ, ਇਹ ਘੋੜਿਆਂ 'ਤੇ ਰਹਿਣ ਵਾਲੇ ਸਿੱਖ ਇਕ ਦਿਨ ਇਲਾਕੇ ਜਿੱਤਣੇ ਸ਼ੁਰੂ ਕਰ ਦੇਣਗੇ।* [2]

ਇਸ ਉਪਰੰਤ ਜ਼ਕਰੀਆ ਖਾਨ ਨੇ ਸਿੱਖਾਂ ਦੇ ਸਿਰਾਂ ਦੇ ਮੁੱਲ ਪਾਉਣੇ ਸ਼ੁਰੂ ਕਰ ਦਿੱਤੇ ਸਿੱਟੇ ਵਜੋਂ ਸਿੱਖ ਅੰਮ੍ਰਿਤਸਰ ਛੱਡ ਕੇ ਜੰਗਲਾਂ ਵੱਲ ਵਧਣ ਲੱਗੇ ਹਰਮਿੰਦਰ ਸਾਹਿਬ 'ਤੇ ਮੱਸਾ ਰੰਘੜ ਦਾ ਕਬਜ਼ਾ ਹੋ ਗਿਆ ਉਸਨੇ ਦਰਬਾਰ ਸਾਹਿਬ ਵਿੱਚ ਹਰੇਕ ਕੁਕਰਮ ਕੀਤਾ। ਨਾਵਲਕਾਰ ਨੇ ਇਤਿਹਾਸਕ ਪਾਤਰਾਂ ਦੇ ਰਾਹੀਂ ਨਾਵਲ ਵਿਚ ਇਸ ਤਰ੍ਹਾਂ ਪੇਸ਼ ਕੀਤਾ ਹੈ-

*ਗੁਰਮੁਖੋ, ਮੇਰਾ ਨਾਂ ਐ ਬੁਲਾਕਾ ਸਿੰਘ ਤੇ ਮੈਂ ਸ੍ਰੀ ਅੰਮ੍ਰਿਤਸਰ ਸਾਹਿਬ ਤੋਂ ਆਇਆ। ਬੁਰੀ ਖਬਰ ਐ। ਮੱਸਾ ਰੰਘੜ ਨੇ ਗੁਰੂ ਘਰ ਦੀ ਬੇਹੁਰਮਤੀ ਦੀਆਂ ਸਾਰੀਆਂ ਹੱਦਾਂ ਪਾਰ ਕਰ ਦਿੱਤੀਆਂ। ਸ਼ਰਾਬ ਪੀਣਾ, ਮੁਜਰਾ ਕਰਾਉਣਾ, ਗੱਲ ਕੀ ਸਹਿ ਨਹੀਂ ਹੁੰਦਾ।* [3]

ਇਸ ਤਰ੍ਹਾਂ ਮਹਿਤਾਬ ਸਿੰਘ ਅਤੇ ਸੁੱਖਾ ਸਿੰਘ ਨੇ ਖਾਲਸੇ ਦੇ ਹੁਕਮ ਨਾਲ ਮੱਸਾ ਰੰਘੜ ਨੂੰ 1740 ਈਸਵੀ ਨੂੰ ਪਾਰ ਬੁਲਾ ਦਿੱਤਾ ਇਸ ਤਰ੍ਹਾਂ ਹੀ ਨਾਵਲ ਵਿਚ ਬੋਤਾ ਸਿੰਘ ਤੇ ਗਰਜਾ ਸਿੰਘ ਅਤੇ ਤਾਰੂ ਸਿੰਘ ਦਾ ਬਿਰਤਾਂਤ ਵੀ ਸ਼ਾਮਲ ਹੈ।

ਨਾਵਲਕਾਰ ਨੇ ਸਿੱਖ ਮਿਸਲਾਂ ਦੇ ਉਥਾਨ, ਜਨਮ, ਉਨ੍ਹਾਂ ਦੇ ਆਪਸੀ ਸੰਬੰਧਾਂ ਨੂੰ ਵੀ ਨਾਵਲੀ ਬਿਰਤਾਂਤ ਵਿਚ ਪੇਸ਼ ਕੀਤਾ ਹੈ। ਮਹਾਰਾਜਾ ਰਣਜੀਤ ਸਿੰਘ ਦੀ ਮੌਤ ਦਾ ਬਿਰਤਾਂਤ ਵੀ ਇਸ ਨਾਵਲ ਵਿਚ ਸ਼ਾਮਿਲ ਹੈ। ਇਸ ਤਰ੍ਹਾਂ ਇਹ ਨਾਵਲ ਬੰਦਾ ਸਿੰਘ ਬਹਾਦਰ ਦੀ ਮੌਤ ਤੋਂ ਬਾਅਦ ਮਹਾਰਾਜੇ ਰਣਜੀਤ ਸਿੰਘ ਦੇ ਮੌਤ ਤੱਕ ਦੇ ਸਿੱਖ ਕੌਮ ਦੇ ਹਾਲਾਤਾਂ ਨੂੰ ਪੇਸ਼ ਕਰਦਾ ਹੈ। ਦੂਜੇ ਸ਼ਬਦਾਂ ਵਿਚ ਇਹ ਨਾਵਲ ਪਹਿਲੇ ਸਿੱਖ ਰਾਜ ਤੋਂ ਲੈ ਕੇ ਦੂਜੇ ਸਿੱਖ ਰਾਜ ਦਾ ਗਲਪੀ ਬਿਰਤਾਂਤ ਹੈ।

ਸੋਫ਼ੀਆ ਨਾਵਲ ਦਾ ਅਰੰਭ 1876 ਦੀ ਅਗਸਤ ਤੋਂ ਬ੍ਰਿਟੇਨ ਵਿਚ ਹੁੰਦਾ ਹੈ। ਇਹ ਉਹ ਸਮਾਂ ਹੈ ਜਦੋਂ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਹੋ ਚੁੱਕੀ ਹੁੰਦੀ ਹੈ, ਮਹਾਰਾਣੀ ਜਿੰਦ ਕੌਰ ਨੂੰ ਬੰਦੀ ਬਣਾ ਲਿਆ ਜਾਂਦਾ ਹੈ ਅਤੇ ਮਹਾਰਾਜਾ ਦਲੀਪ ਸਿੰਘ ਨੂੰ ਬ੍ਰਿਟੇਨ ਵਿਚ ਲਿਆਂਦਾ ਗਿਆ ਅਤੇ ਹੁਣ ਉਸਦਾ ਵਿਆਹ ਹੋ ਚੁੱਕਾ ਹੈ ਉਸਦੀ ਪਤਨੀ ਬੰਬਾ ਦੇ ਬੇਟੀ ਹੋ ਚੁੱਕੀ ਹੈ ਜਿਸਦਾ ਨਾਂ ਸੋਫ਼ੀਆ ਅਲੈਗਜਾਂਡਰੋਵਾ ਦਲੀਪ ਸਿੰਘ ਰੱਖਿਆ ਗਿਆ ਹੈ। ਨਾਵਲ ਵਿਚ ਮਹਾਰਾਜਾ ਦਲੀਪ ਸਿੰਘ ਦਾ ਈਸਾਈਕਰਨ ਕੀਤਾ ਗਿਆ ਹੈ ਜਿਸਦੇ ਤਹਿਤ ਉਸਨੂੰ ਪੱਛਮੀ ਢੰਗ ਦੀ ਬੋਲ ਚਾਲ, ਖਾਣ ਪੀਣ ਅਤੇ ਬਾਈਬਲ ਦੀ ਸਿੱਖਿਆ ਦਿੱਤੀ ਜਾਂਦੀ ਹੈ। ਨਾਵਲ ਵਿਚੋਂ ਮਹਾਰਾਜਾ ਦਲੀਪ ਸਿੰਘ ਦੇ ਬੱਚਿਆਂ ਬਾਰੇ ਮਿਲਦੀ ਜਾਣਕਾਰੀ ਇਤਿਹਾਸਕ ਪੱਖ ਤੋਂ ਬਿਲਕੁਲ ਦਰੁਸਤ ਹੈ। ਦਲੀਪ ਸਿੰਘ ਦਾ ਵੱਡਾ ਪੁੱਤਰ ਵਿਕਟਰ, ਫੇਰ ਐਡਵਰਡ, ਫੇਰ ਰਾਜਕੁਮਾਰੀ ਬੰਬਾ, ਫੇਰ ਕੈਥਰੀਨ ਅਤੇ ਸਭ ਤੋਂ ਛੋਟੀ ਸੋਫ਼ੀਆ ਸੀ। ਨਾਵਲਕਾਰ ਨੇ ਬੇਹੱਦ ਸੂਝਵਾਨਤਾ ਨਾਲ ਇਨ੍ਹਾਂ ਬੱਚਿਆਂ ਦੇ ਬਚਪਨ ਨੂੰ ਕਲਾਤਮਿਕ ਢੰਗ ਨਾਲ ਗਲਪੀ ਰੂਪ ਦਿੱਤਾ ਹੈ। ਨਾਵਲਕਾਰ ਨੇ ਮਹਾਰਾਜਾ ਦਲੀਪ ਸਿੰਘ ਦੀ ਆਰਥਿਕ ਮੰਦਹਾਲੀ ਨੂੰ ਵੀ ਪੇਸ਼ ਕੀਤਾ ਹੈ। ਵਾਸਤਵ ਵਿੱਚ ਮਹਾਰਾਜਾ ਦਲੀਪ ਸਿੰਘ ਬਰਤਾਨਵੀ ਸਰਕਾਰ ਦੀ ਅੰਦਰੂਨੀ ਚਾਲ ਨੂੰ ਸਮਝ ਚੁੱਕਾ ਸੀ। ਮਹਾਰਾਜਾ ਦਲੀਪ ਸਿੰਘ ਨੇ ਅੰਗਰੇਜ਼ਾਂ ਦੁਆਰਾ ਕੀਤੇ ਗਏ ਧੱਕੇ ਨੂੰ ਸਹਿਣ ਨਾ ਕਰਦੇ ਹੋਏ ਇਕ ਅਖਬਾਰ ਵਿੱਚ ਖਬਰ ਲਗਵਾਈ-

*ਬ੍ਰਿਟਿਸ਼ ਸਰਕਾਰ ਨੇ ਉਸ ਦੇ ਪੰਜ ਲੱਖ ਪਾਉਂਡ ਦੇ (ਅੱਜ ਦਾ 50 ਮਿਲੀਅਨ) ਹੀਰੇ ਜਵਾਹਰਾਤ ਤੇ ਦਸ ਲੱਖ (ਅੱਜ ਦਾ ਮੁੱਲ 100 ਮਿਲੀਅਨ) ਉਸ ਦੀ ਪਰਿਵਾਰਕ ਜਾਇਦਾਦ ਜ਼ਬਤ ਕੀਤੀ ਹੋਈ ਹੈ ਜੋ 1846 ਦੀ ਲਹੌਰ ਸੰਧੀ ਦਾ ਹਿੱਸਾ ਨਹੀਂ ਸੀ। ਮੈਂ ਆਪਣੀ ਇਸ ਜਾਇਦਾਦ ਦੀ ਵਾਪਿਸੀ ਦੀ ਜਾਇਜ਼ ਮੰਗ ਕਰਦਾ ਹਾਂ।* [4]

ਮਹਾਰਾਜੇ ਦੇ ਖਰਚੇ ਵਧਣ ਕਾਰਨ 1878 ਤੱਕ ਉਸਦਾ ਦਿਵਾਲਾ ਨਿਕਲਣ ਦੀ ਨੌਬਤ ਆ ਗਈ। ਮਹਾਰਾਜਾ ਦਲੀਪ ਸਿੰਘ ਦੇ ਮਨ ਵਿਚ 'ਘਰ ਵਾਪਿਸੀ' ਦੇ ਵਿਚਾਰ ਉਗਮਣ ਲੱਗੇ। ਨਾਵਲ ਵਿਚ ਇਕ ਪਾਸੇ ਦਲੀਪ ਸਿੰਘ ਦੀ ਸਿੱਖ ਰਾਜ ਦੀ ਮੁੜ ਪ੍ਰਾਪਤੀ ਦਾ ਸੰਘਰਸ਼ ਹੈ ਅਤੇ ਦੂਜੇ ਪਾਸੇ ਸੋਫ਼ੀਆ ਦਾ ਔਰਤਾਂ ਦੀ ਦਸ਼ਾ ਸੁਧਾਰਨ ਲਈ ਇਤਿਹਾਸਕ ਕਰਮ ਸ਼ਾਮਲ ਹੈ। ਨਾਵਲ ਵਿਚ ਇਤਿਹਾਸਕ ਪਾਤਰ ਮਦਨ ਲਾਲ ਢੀਂਗਰਾ, ਲਾਰਡ ਕਰਜ਼ਨ, ਡਲਹੌਜ਼ੀ, ਦਲੀਪ ਸਿੰਘ, ਰਾਣੀ ਵਿਕਟੋਰੀਆ ਦੇ ਆਲੇ ਦੁਆਲੇ ਨਾਵਲੀ ਕਥਾ ਉਸਰਦੀ ਹੈ। ਸੋਫ਼ੀਆ ਨਾਵਲ ਵਿਚ ਨਾਵਲਕਾਰ ਨੇ ਮਹਾਰਾਜਾ ਦਲੀਪ ਸਿੰਘ ਦੁਆਰਾ ਬਰਤਾਨੀਆ ਵਿਚ ਰਹਿ ਕੇ ਆਪਣੇ ਰਾਜ ਭਾਗ ਦੀ ਪ੍ਰਾਪਤੀ ਲਈ ਸੰਘਰਸ਼ ਨੂੰ ਪੇਸ਼ ਕੀਤਾ ਹੈ। ਨਾਵਲ ਵਿਚ ਮਹਾਰਾਜਾ ਦਲੀਪ ਸਿੰਘ ਮਹਾਰਾਣੀ ਬੰਬਾ ਨੂੰ 'ਘਰ ਵਾਪਸੀ' ਬਾਰੇ ਕਹਿੰਦਾ ਹੈ। ਨਾਵਲਕਾਰ ਨੇ ਇੱਥੇ ਜਨਮ ਭੋਇੰ ਵੱਲ ਵਾਪਸ ਪਰਤਣ ਦੀ ਵਿਚਾਰਧਾਰਾ ਨੂੰ ਪੇਸ਼ ਕੀਤਾ ਹੈ। ਇਸ ਪ੍ਰਸੰਗ ਵਿਚ ਉਸਨੇ ਪੱਛਮੀ ਅਤੇ ਪੂਰਬੀ ਸਮਾਜ ਸਭਿਆਚਾਰਾਂ ਦੀ ਆਪਸੀ ਤੁਲਨਾ ਕੀਤੀ ਹੈ। ਉਹ ਥੇਮਜ ਨੂੰ ਪੱਛਮੀ ਸਭਿਅਤਾ ਅਤੇ ਰਾਵੀ ਨੂੰ ਪੂਰਬੀ ਸਭਿਅਤਾ ਜਾਂ ਮਹਾਰਾਜਾ ਦੀ ਜਨਮ ਭੋਇੰ ਵਜੋਂ ਚਿਹਨਤ ਕਰਦਾ ਹੈ। ਇੱਥੋਂ ਹੀ ਉਸਦੀ ਨਾਵਲੀ ਚੇਤਨਾ ਵਿੱਚ ਪਈ ਭੂ ਹੇਰਵੇ ਨਾਲ ਸੰਬੰਧਤ ਵਿਚਾਰਧਾਰਾ ਅਗਰਭੂਮਿਤ ਹੁੰਦੀ ਹੈ। ਜਿਵੇਂ-

*ਥੇਮਜ ਦੇ ਪਾਣੀ ਨਾਲ ਹੱਥ ਠਰਦੇ ਹਨ ਤੇ ਨਾਲ ਹੀ ਦਿਲ ਵੀ ਠੰਡਾ ਹੁੰਦਾ*

*ਜਾਂਦਾ। ਰਾਵੀ ਦੇ ਪਾਣੀ ਨਾਲ ਹੱਥ ਤਾਂ ਠਰ ਜਾਂਦੇ ਪਰ ਦਿਲ ਨੂੰ ਨਿੱਘ ਮਿਲਦਾ। ਬੱਬਾ ਤੁਹਾਨੂੰ ਸ਼ਾਇਦ ਇਹ ਅਨੁਭਵ ਨਾ ਹੋਵੇ।"ਮਹਾਰਾਜਾ ਦੇ ਬੋਲ ਉਦਾਸ ਸਨ।*

*ਮੈਂ ਤੁਹਾਡੇ ਧਰਮ ਤਬਦੀਲੀ ਬਾਰੇ ਕੀ ਸੁਣ ਰਹੀ ਹਾਂ? ਤੇ ਸੁਣਿਆ ਤੁਸੀਂ ਵਾਪਿਸ ਪੰਜਾਬ ਜਾਣ ਦੀ ਤਿਆਰੀ ਵੀ ਕਰ ਰਹੇ ਹੋ।"*

*ਮਹਾਰਾਣੀ ਧਰਮ ਤਾਂ ਮੈਂ ਪਹਿਲਾਂ ਤਬਦੀਲ ਕੀਤਾ ਸੀ। ਹੁਣ ਤਾਂ ਘਰ ਵਾਪਿਸੀ ਬਾਰੇ ਸੋਚ ਰਿਹਾ ਹਾਂ।* [5]

ਧਾਲੀਵਾਲ ਨੇ ਤਾਰਕਿਕ ਢੰਗ ਨਾਲ ਦਲੀਪ ਸਿੰਘ ਦੇ ਘਰ ਵਾਪਸੀ ਜਾਂ ਜਨਮ ਭੋਇੰ ਵੱਲ ਪਰਤਣ ਦੇ ਕਾਰਨਾਂ ਨੂੰ ਪੇਸ਼ ਕੀਤਾ ਹੈ। ਇੱਥੋਂ ਹੀ ਨਾਵਲਕਾਰ ਦੀ ਵਿਚਾਰਧਾਰਾ ਵਿੱਚ ਸ਼ਾਮਲ ਭੂ ਹੇਰਵੇ ਅਤੇ ਜੰਮਣ ਭੋਇੰ ਵੱਲ ਪਰਤਣ ਦੇ ਕਾਰਨਾਂ ਅਤੇ ਤੱਥਾਂ ਦੀ ਸਮਝ ਆਉਂਦੀ ਹੈ, ਨਾਵਲ ਵਿਚ ਦਲੀਪ ਸਿੰਘ ਦਾ ਘਰ ਵਾਪਿਸੀ ਕਰਨਾ ਜਾਂ ਪੰਜਾਬ ਪਰਤਣ ਦਾ ਮਨ ਇਕਦਮ ਨਹੀਂ ਬਣਿਆ ਬਲਕਿ ਇਸ ਤੋਂ ਪਹਿਲਾਂ ਮਹਾਰਾਣੀ ਜਿੰਦ ਕੌਰ ਨਾਲ ਮਿਲਣ ਕਾਰਨ ਮਹਾਰਾਜੇ ਦੇ ਮਨ ਵਿਚ ਜਨਮ ਭੂਮੀ ਅਤੇ ਆਪਣੇ ਖੁੱਸੇ ਰਾਜ ਭਾਗ ਨੂੰ ਦੁਬਾਰਾ ਪਾਉਣ ਦੀ ਇੱਛਾ ਉਤਪੰਨ ਹੋਈ ਸੀ। ਦੂਜਾ, ਬੇਹੱਦ ਅੱਯਾਸ਼ੀ ਅਤੇ ਖਰਚੀਲਾ ਜੀਵਨ ਜਿਉਣ ਕਾਰਨ ਹੁਣ ਮਹਾਰਾਜਾ ਦਲੀਪ ਸਿੰਘ ਤੋਂ ਆਪਣੇ ਖਰਚੇ ਵੀ ਪੂਰੇ ਨਹੀਂ ਸਨ ਜਿਸ ਕਾਰਨ ਉਹ ਆਪਣੇ ਰਾਜ ਭਾਗ ਦੀ ਪ੍ਰਾਪਤੀ ਲਈ ਸੰਘਰਸ਼ ਕਰਨ ਲੱਗਾ। ਤੀਜਾ, ਉਹ ਸਮਝ ਚੁੱਕਾ ਸੀ ਕਿ ਬਰਤਾਨਵੀ ਹਕੂਮਤ ਨੇ ਉਸਦੇ ਪੱਲੇ ਕੁਝ ਵੀ ਨਹੀਂ ਪਾਉਣਾ ਇਸ ਲਈ ਉਹ ਸਿੱਖ ਧਰਮ ਅਤੇ ਈਸਾਈ ਧਰਮ ਦੀ ਆਪਸੀ ਤੁਲਨਾ ਵਿਚ ਈਸਾਈ ਧਰਮ ਦੀ ਕਹਿਣੀ ਤੇ ਕਰਨੀ ਵਿੱਚ ਅੰਤਰ ਦੱਸਦਾ ਹੈ। ਚੌਥਾ,ਉਸਨੂੰ ਆਪਣੀ ਸੰਤਾਨ ਲਈ ਕੁਝ ਵੀ ਨਾ ਕਰਨ ਦਾ ਝੋਰਾ ਵੀ ਖਾਂਦਾ ਸੀ ਇਸ ਕਾਰਨ ਹੀ ਉਹ ਆਪਣੇ ਵਤਨ ਵਾਪਸੀ ਕਰਨਾ ਚਾਹੁੰਦਾ ਹੈ ਉਹ ਇਸ ਸੰਬੰਧੀ ਇਕ ਚਿੱਠੀ ਵਿੱਚ ਸਪੱਸ਼ਟ ਕਰਦਾ ਹੈ, ਨਾਵਲਕਾਰ ਨੇ ਦਲੀਪ ਸਿੰਘ ਦੇ ਮਾਧਿਅਮ ਨਾਲ ਸਮੁੱਚੇ ਪਰਵਾਸੀ ਜਗਤ ਦੀ ਮਨੋਦਸ਼ਾ ਨੂੰ ਪੇਸ਼ ਕੀਤਾ ਹੈ।

*ਮੈਂ ਪਹਿਲਾਂ ਵੀ ਆਪਣੇ ਘਰ ਵਿਚੋਂ ਕੱਢੇ ਜਾਣ ਦਾ ਨਰਕ ਭੋਗ ਚੁੱਕਾ ਹਾਂ ਹੁਣ ਮੇਰੇ ਬੇਟੇ ਦੀ ਕਿਸਮਤ ਵਿਚ ਵੀ ਇਹੋ ਦਿਸ ਰਿਹਾ ਹੈ।* [6]

ਇਸ ਤਰ੍ਹਾਂ ਨਾਵਲਕਾਰ ਨੇ ਦਲੀਪ ਸਿੰਘ ਦੇ ਮਾਧਿਅਮ ਨਾਲ ਬਰਤਾਨਵੀ ਹਕੂਮਤ ਵੱਲੋਂ ਕੀਤੇ ਜਾ ਰਹੇ ਵਿਤਕਰੇ ਅਤੇ ਉਨ੍ਹਾਂ ਦੀਆਂ ਦੋਗਲੀਆਂ ਨੀਤੀਆਂ ਦਾ ਭਾਂਡਾ ਭੰਨਿਆ ਹੈ। ਰਾਜਕੁਮਾਰੀ ਸੋਫ਼ੀਆ ਦੇ ਮਨ ਵਿਚ ਵੀ ਆਪਣੇ ਗੁਆਚੇ ਰਾਜ ਭਾਗ ਨੂੰ ਮੁੜ ਪ੍ਰਾਪਤ ਕਰਨ ਦੀ ਇੱਛਾ ਸੀ ਪਰ ਸਥਿਤੀ ਇਹ ਸੀ ਕਿ ਉਹ ਦਲੀਪ ਸਿੰਘ ਦੀ ਸਭ ਤੋਂ ਛੋਟੀ ਧੀ ਸੀ ਜਿਸਦਾ ਆਪਣੇ ਰਾਜ ਭਾਗ ਤੇ ਕੋਈ ਹੱਕ ਨਹੀਂ ਸੀ ਕਿਉਂਕਿ ਦਲੀਪ ਸਿੰਘ ਦੇ ਵੱਡੇ ਪੁੱਤਰ ਵਿਕਟਰ ਦੀ ਇੱਧਰ ਕੋਈ ਦਿਲਚਸਪੀ ਨਹੀਂ ਸੀ, ਦੂਜਾ ਸੋਫ਼ੀਆ ਭਾਰਤ/ਲਾਹੌਰ ਵਿਚ ਘੁੰਮਣ ਦੌਰਾਨ ਮਹਾਰਾਜੇ ਦੇ ਰਾਜ ਭਾਗ ਬਾਰੇ ਜਾਣ ਚੁੱਕੀ ਸੀ। ਇਸ ਲਈ ਉਹ ਇਸ ਰਾਜ ਭਾਗ ਨੂੰ ਪ੍ਰਾਪਤ ਕਰਨ ਲਈ ਉਤਸ਼ਾਹਿਤ ਸੀ।

ਨਾਵਲਕਾਰ ਨੇ ਬਰਤਾਨਵੀ ਹਕੂਮਤ ਦੁਆਰਾ ਏਸ਼ੀਅਨ ਅਤੇ ਹੋਰ ਲੋਕਾਂ ਨਾਲ ਕੀਤੇ ਜਾਂਦੇ ਧਰਮ ਆਧਾਰਿਤ ਨਸਲੀ ਵਿਤਕਰੇ ਨੂੰ ਵੀ ਵਿਚਾਰਧਾਰਾਈ ਪੱਧਰ ਤੇ ਪੇਸ਼ ਕੀਤਾ ਹੈ। ਬਰਤਾਨਵੀ ਹਕੂਮਤ ਇਸਾਈ ਧਰਮ ਨੂੰ ਬਾਕੀ ਧਰਮਾਂ ਨਾਲੋਂ ਸ੍ਰੇਸ਼ਟ ਮੰਨ ਕੇ ਲੋਕਾਂ ਨੂੰ ਆਪਣੇ ਅਸਲੇ ਤੋਂ ਦੂਰ ਕਰਕੇ ਉਨ੍ਹਾਂ ਦੀ ਸੱਭਿਅਕ ਢੰਗ ਨਾਲ ਨਸਲਕੁਸ਼ੀ ਕੀਤੀ ਗਈ ਹੈ। ਇਸ ਤਰ੍ਹਾਂ ਦਲੀਪ ਸਿੰਘ ਦਾ ਈਸਾਈਕਰਨ ਕਰਕੇ ਉਸਨੂੰ ਧਰਮ ਪੱਧਰ ਤੇ ਆਪਣੇ ਅਸਲੇ ਤੋਂ ਦੂਰ ਕਰਨਾ ਵੀ ਉਕਤ ਵਿਚਾਰਧਾਰਾ ਵਿਚ ਹੀ ਸ਼ਾਮਲ ਹੈ। ਉਸਨੂੰ ਈਸਾਈ ਧਰਮ ਦੀ ਸਿੱਖਿਆ ਦੇਣ ਸੰਬੰਧੀ ਡਾਕਟਰ ਲੋਗਨ ਤੇ ਉਸਦੀ ਪਤਨੀ ਦੀ ਜ਼ਿੰਮੇਵਾਰੀ ਸੀ। ਉਨ੍ਹਾਂ ਨੇ ਦਲੀਪ ਸਿੰਘ ਦੇ ਖਾਣ-ਪੀਣ, ਰਹਿਣ ਸਹਿਣ, ਬੋਲ-ਚਾਲ ਤੋਂ ਇਲਾਵਾ ਬਾਈਬਲ ਅਤੇ ਅੰਗਰੇਜ਼ੀ ਸਾਹਿਤ ਨਾਲ ਜੋੜਨ ਦਾ ਉਪਰਾਲਾ ਕੀਤਾ। ਉਨ੍ਹਾਂ ਨੇ ਮਹਾਰਾਜੇ ਨੂੰ ਬਾਕੀ ਦੀਆਂ ਖੇਡਾਂ ਛੱਡ ਕੇ ਕ੍ਰਿਕਟ ਵੱਲ ਉਤਸ਼ਾਹਿਤ ਕੀਤਾ। ਮਹਾਰਾਜੇ ਦਾ ਸੰਬੰਧ ਬਰਟੀ (ਵਿਕਟੋਰੀਆ ਦਾ ਪੁੱਤਰ) ਨਾਲ ਦੋਸਤਾਨਾ ਸੀ ਉਸ ਨਾਲ ਰਹਿ ਕੇ ਉਹ ਬੇਹੱਦ ਖਰਚੀਲਾ ਹੋ ਗਿਆ। ਵੀਹ ਸਾਲ ਦੀ ਉਮਰ ਤੱਕ ਉਸਨੇ ਹਰੇਕ ਕਿਸਮ ਦੇ ਐਬਾਂ ਨੂੰ ਅਪਣਾ ਲਿਆ ਅਤੇ ਅਨੇਕਾਂ ਔਰਤਾਂ ਨਾਲ ਦੋਸਤੀ ਕੀਤੀ ਪਰ ਫਿਰ ਵੀ ਨਸਲੀ ਆਧਾਰ ਤੇ ਉਸ ਨਾਲ ਕੋਈ ਵਿਆਹ ਕਰਵਾਉਣ ਲਈ ਵੀ ਰਾਜੀ ਨਹੀਂ-

*ਮਹਾਰਾਜਾ ਬਹੁਤ ਸਾਰੀਆਂ ਕੁੜੀਆਂ ਦਾ ਦੋਸਤ ਸੀ। ਉਹਨਾਂ ਕੁੜੀਆਂ ਨੂੰ ਉਸ ਤੋਂ ਤੋਹਫੇ ਲੈਣ ਵਿੱਚ ਕੋਈ ਹਿਚਕਚਾਹਟ ਨਹੀਂ ਸੀ। ਉਸ ਨੂੰ ਪਸੰਦ ਵੀ ਕਰਦੀਆਂ ਸਨ। ਕੁਝ ਅਜਿਹੀਆਂ ਔਰਤਾਂ ਵੀ ਉਸ ਦੀ ਜ਼ਿੰਦਗੀ ਵਿਚ ਆਈਆਂ ਜਿਹੜੀਆਂ ਜਾਂ ਤਾਂ ਵਿਆਹੀਆਂ ਹੋਈਆਂ ਸਨ ਜਾਂ ਉਸਦੇ ਲਾਇਕ ਨਹੀਂ ਸੀ। ਪਰ ਉਸ ਨਾਲ ਵਿਆਹ ਕਰਵਾਉਣ ਲਈ ਵੀ ਤਿਆਰ ਨਹੀਂ ਸਨ। ਉਹਨਾਂ ਨੂੰ ਡਰ ਸੀ ਜੇ ਬਲੈਕ ਪ੍ਰਿੰਸ ਨਾਲ ਵਿਆਹ ਕਰਵਾਇਆ ਤਾਂ ਸਮਾਜ ਵਿਚ ਉਹਨਾਂ ਦੀ ਤੇ ਉਹਨਾਂ ਦੇ ਮਾਪਿਆਂ ਦੀ ਭੰਡੀ ਹੋਵੇਗੀ ਤੇ ਉਹਨਾਂ ਤੋਂ ਸ਼ਾਇਦ ਬਹੁਤ ਲੋਕ ਕੰਨੀ ਕਤਰਾਉਣ ਲੱਗਣਗੇ।* [7]

ਇਸ ਤਰ੍ਹਾਂ ਮਹਾਰਾਜਾ ਦਲੀਪ ਸਿੰਘ ਨੂੰ ਨਸਲੀ ਵਿਤਕਰੇ ਦਾ ਵੀ ਸਾਹਮਣਾ ਕਰਨਾ ਪਿਆ। ਇਸ ਬਾਬਤ ਦਲੀਪ ਸਿੰਘ ਦੇ ਵੰਸ਼ਜਾਂ (ਸੋਫ਼ੀਆ) ਨੂੰ ਵੀ ਨਸਲੀ ਨੀਵੇਂਪਣ ਦਾ ਸਾਹਮਣਾ ਕਰਨਾ ਪਿਆ। ਇਸਦੇ ਦੋ ਕਾਰਨ ਸਨ ਪਹਿਲਾ ਤਾਂ ਇਹ ਦੇਸ਼ ਧ੍ਰੋਹੀ ਪਿਤਾ ਦੀਆਂ ਸੰਤਾਨਾਂ ਸਨ । ਦੂਜਾ, ਵੱਡੇ ਘਰਾਣਿਆਂ ਵਿੱਚ ਭਾਰਤੀ ਤੇ ਹੋਰਨਾਂ ਨਸਲਾਂ ਦੇ ਕੁੜੀਆਂ ਮੁੰਡਿਆਂ ਨੂੰ ਵਿਆਹ ਕਰਾਉਣ ਦੀ ਪ੍ਰਵਾਨਗੀ ਨਹੀਂ ਸੀ। ਨਸਲੀ ਵਰਤਾਰੇ ਕਾਰਨ ਹੀ ਉਨ੍ਹਾਂ ਦਾ ਸਮਾਜਿਕ ਰੁਤਬਾ ਨਿਸ਼ਚਿਤ ਕੀਤਾ ਗਿਆ ਸੀ। ਬਰਤਾਨਵੀ ਸਰਕਾਰ ਨੇ ਮਹਾਰਾਜਾ ਰਣਜੀਤ ਸਿੰਘ ਦੇ ਵੰਸ਼ਜਾਂ ਦੀ ਨਸਲਕੁਸ਼ੀ ਕਰਨ ਲਈ ਹਰ ਸੰਭਵ ਕੋਸ਼ਿਸ਼ ਕੀਤੀ। ਉਨ੍ਹਾਂ ਨੇ ਦਲੀਪ ਸਿੰਘ ਨੂੰ ਆਪਣੇ ਅਸਲੇ ਤੋਂ ਦੂਰ ਕਰਨ ਲਈ ਈਸਾਈ ਬਣਾਇਆ, ਉਸਦਾ ਵਿਆਹ ਕਰਨ ਸਮੇਂ ਨਸਲੀ ਵਿਤਕਰੇ ਕਾਰਨ ਉਸਨੂੰ ਉੱਚ ਘਰਾਣੇ ਦੀ ਕੁੜੀ ਦਾ ਸਾਥ ਨਹੀਂ ਮਿਲਿਆ, ਉਸਦੀਆਂ ਧੀਆਂ ਨੂੰ ਸਿਰਫ ਫੋਕੀਆਂ ਰਾਜਕੁਮਾਰੀਆਂ ਬਣਾ ਕੇ ਰੱਖਿਆ ਗਿਆ। ਇਸ ਤੋਂ ਇਲਾਵਾ ਜਦੋਂ ਐਨ (ਚੰਗੇ ਘਰ ਦੀ ਬ੍ਰਿਟਿਸ਼ ਕੁੜੀ) ਦਾ ਵਿਕਟਰ(ਦਲੀਪ ਸਿੰਘ ਦਾ ਪੁੱਤਰ) ਨਾਲ ਵਿਆਹ ਹੋ ਜਾਂਦਾ ਹੈ ਤਾਂ ਉਸ ਸਮੇਂ ਮਹਾਰਾਣੀ ਵਿਕਟੋਰੀਆ ਐਨ ਨੂੰ ਸਮਝਾਉਂਦੀ ਹੈ-

*ਐਨ ਤੂੰ ਬਹੁਤ ਸੁੰਦਰ ਤੇ ਸੁਸ਼ੀਲ ਕੁੜੀ ਹੈਂ। ਵਿਕਟਰ ਬਹੁਤ ਕਿਸਮਤ ਵਾਲਾ ਹੈ। ਵਿਕਟੋਰੀਆ ਨੇ ਕਿਹਾ।*

*ਮੇਰੀ ਇੱਛਾ ਹੈ ਕਿ ਤੂੰ ਵਿਕਟਰ ਦੇ ਬੱਚੇ ਦੀ ਕਦੀ ਵੀ ਮਾਂ ਨਹੀਂ ਬਣੇਗੀ ਤੇ*

*ਆਪਣੇ ਪਤੀ ਨਾਲ ਕਿਸੇ ਹੋਰ ਦੇਸ਼ ਵਿਚ ਰਹੇਂਗੀ..।* [8]

ਇਸ ਤਰ੍ਹਾਂ ਬਰਤਾਨਵੀ ਹਕੂਮਤ ਮਹਾਰਾਜਾ ਰਣਜੀਤ ਸਿੰਘ ਦੀ ਅੰਸ਼ ਖਤਮ ਕਰਨ ਲਈ ਬਜਿੱਦ ਸੀ। ਇਤਿਹਾਸ ਵਿਚ ਸਿੱਖ ਧਰਮ ਨਾਲ ਸੰਬੰਧਤ ਹਰੇਕ ਵਿਅਕਤੀ ਨੂੰ ਨਸਲਕੁਸ਼ੀ ਦਾ ਸਾਹਮਣਾ ਕਰਨਾ ਪਿਆ ਹੈ। ਸੋਫ਼ੀਆ ਨਾਵਲ ਵਿਚ ਮਹਾਰਾਜਾ ਰਣਜੀਤ ਸਿੰਘ ਦੇ ਵੰਸ਼ਜਾਂ ਨੂੰ ਇਸਦਾ ਸਾਰਮਣਾ ਕਰਨਾ ਪਿਆ ਪਰ ਇਸਦੇ ਉਲਟ 'ਬਾਗ਼ੀ ਹੋਈ ਪੌਣ' ਨਾਵਲ ਵਿਚ ਸਮੁੱਚੀ ਸਿੱਖ ਕੌਮ ਨੂੰ ਅਜਿਹੇ ਅਮਨਾਵੀ ਵਿਹਾਰ ਦਾ ਸਾਹਮਣਾ ਕਰਨਾ ਪਿਆ। ਜਿਸਦੀ ਸ਼ੁਰੂਆਤ ਬੰਦਾ ਸਿੰਘ ਬਹਾਦਰ ਨੂੰ ਖਤਮ ਕਰਨ ਤੋਂ ਹੁੰਦੀ ਹੈ। ਸਮਦ ਖਾਨ ਨੇ ਸਿੱਖਾਂ ਨੂੰ ਘੇਰਾ ਪਾਇਆ ਹੋਇਆ ਸੀ, ਅੱਠ ਮਹੀਨੇ ਬਾਅਦ ਸਮਦ ਖਾਨ ਨੇ ਸਿੱਖਾਂ ਨੂੰ ਭਰੋਸੇ ਵਿੱਚ ਲੈ ਕੇ ਜਾਨ ਬਖਸ਼ੀ ਦਾ ਇਕਰਾਰ ਕੀਤਾ ਅੰਤ ਉਸਨੇ ਧੋਖਾ ਦਿੱਤਾ-

*ਸਮਦ ਖਾਨ ਇਕ ਦਮ ਬਦਲ ਗਿਆ। ਦੋ ਸੌ ਦੇ ਕਰੀਬ ਸਿੱਖਾਂ ਨੂੰ ਕਤਲ ਕਰ ਦਿੱਤਾ ਤੇ ਧਰਤੀ ਲਹੂ ਲੁਹਾਣ ਕਰ ਦਿੱਤੀ। ਬੰਦੇ ਨੂੰ ਬੇੜੀਆਂ ਵਿਚ ਜਕੜ ਕੇ ਲੋਹੇ ਦੇ ਪਿੰਜਰੇ ਵਿਚ ਬੰਦ ਕਰ ਦਿੱਤਾ। ਪਹਿਲਾਂ ਸਭ ਕੈਦੀਆਂ ਨੂੰ ਲਾਹੌਰ ਲਿਜਾਇਆ ਗਿਆ ਤੇ ਫਿਰ ਜ਼ਕਰੀਆ ਖਾਨ ਉਹਨਾਂ ਨੂੰ ਦਿੱਲੀ ਲੈ ਗਿਆ। ਰਸਤੇ ਵਿਚ ਜਿਹੜੇ ਵੀ ਪਿੰਡਾਂ ਵਿਚ ਸਿੱਖ ਮਿਲੇ ਉਹਨਾਂ ਦੇ ਸਿਰ ਲਾਹ ਕੇ ਗੱਡਿਆਂ ਵਿਚ ਭਰ ਲਏ। ਫਰਵਰੀ 1716 ਨੂੰ ਉਹ ਦਿੱਲੀ ਪਹੁੰਚ ਗਿਆ। ਲੋਕਾਂ 'ਤੇ ਦਹਿਸ਼ਤ ਪਾਉਣ ਲਈ ਹਕੂਮਤ ਨੇ ਮਾਰਚ ਮਹੀਨੇ ਦਿੱਲੀ ਵਿਚ ਕੈਦੀਆਂ ਨੂੰ ਸ਼ਰੇ ਬਜ਼ਾਰ ਕਤਲ ਕਰਨਾ ਸ਼ੁਰੂ ਕਰ ਦਿੱਤਾ।* [9]

ਸਿਰਫ਼ ਇਹ ਹੀ ਨਹੀਂ ਬੰਦਾ ਸਿੰਘ ਦੇ ਪੁੱਤਰ ਅਜੈ ਸਿੰਘ ਨੂੰ ਬੜੀ ਬੇਰਹਿਮੀ ਨਾਲ ਕਤਲ ਕੀਤਾ ਗਿਆ। ਸੈਂਕੜੇ ਸਿੱਖਾਂ ਦੇ ਸਿਰ ਬਾਂਸ ਦੀਆਂ ਡਾਂਗਾਂ ਉਪਰ ਟੰਗ ਕੇ ਜਲੂਸ ਕੱਢਿਆ ਗਿਆ। ਉਨ੍ਹਾਂ ਦੇ ਵਾਲ ਖੁਲ੍ਹੇ ਛੱਡ ਕੇ ਉਨ੍ਹਾਂ ਨੂੰ ਹੋਰ ਵੀ ਡਰਾਉਣਾ ਬਣਾਇਆ ਗਿਆ ਇਸ ਬਦਲੇ ਸਮਦ ਖਾਨ ਨੂੰ ਪੰਜਾਬ ਦਾ ਸੂਬੇਦਾਰ ਨਿਯੁਕਤ ਕੀਤਾ ਗਿਆ ਉਸਨੇ ਆਪਣੀ ਫੌਜ ਨੂੰ ਸਿੱਖਾਂ ਨੂੰ ਲੁੱਟਣ-ਖੋਹਣ, ਕਤਲ ਕਰਨ ਦੀ ਖੁੱਲ੍ਹੀ ਛੁੱਟੀ ਦਿੱਤੀ ਹੋਈ ਸੀ। ਆਮ ਲੋਕਾਂ ਵਿੱਚ ਇਸਦਾ ਫ਼ਿਕਰ ਸੀ। ਨਾਵਲਕਾਰ ਨੇ ਪਿੰਡਾਂ ਵਿਚ ਫੈਲੇ ਇਸ ਡਰ ਨੂੰ ਮਾਨ ਸਿੰਘ ਅਤੇ ਤਾਰਾ ਸਿੰਘ ਦੇ ਵਾਰਤਾਲਾਪ ਰਾਹੀਂ ਉਘਾੜਿਆ ਹੈ-

*ਮਾਨ ਸਿਹਾਂ ਹਕੂਮਤ ਦੇ ਰਾਦੇ ਤਾਂ ਸਾਡੇ ਲਈ ਚੰਗੇ ਨਹੀਂ ਰਹੇ। ਹੁਣ ਤਾਂ ਸਾਡਾ ਖੁਰਾ ਖੋਜ ਮਿਟਾਉਣ ਦੀਆਂ ਗੱਲਾਂ ਹੋ ਰਹੀਆਂ ਜੇ। ਸਾਨੂੰ ਸਾਰਿਆਂ ਨੂੰ ਰਲ ਮਿਲ ਕੇ ਫ਼ੈਸਲਾ ਕਰਨਾ ਚਾਹੀਦਾ।* [10]

ਉਕਤ ਡਰ ਕਾਰਨ ਸਿੱਖ ਪਿੰਡਾਂ ਨੂੰ ਛੱਡ ਕੇ ਜੰਗਲਾਂ, ਪਹਾੜਾਂ ਵਿੱਚ ਜਾ ਲੁਕੇ। ਕੁਝ ਸਿੱਖ ਸਹਿਜਧਾਰੀ ਸਿੱਖ ਬਣ ਕੇ ਆਪਣੇ ਨਾਂ ਬਦਲ ਕੇ ਰਹਿਣ ਲੱਗੇ। ਇਸ ਸਮੇਂ ਸਿੱਖਾਂ ਦੇ ਸਿਰਾਂ ਦੇ ਇਨਾਮ ਮਿਲਣ ਲੱਗੇ ਤੇ ਕਈਆਂ ਨੇ ਇਸ ਨੂੰ ਹੀ ਆਪਣਾ ਵਪਾਰ ਬਣਾ ਲਿਆ ਸੀ।

ਸੋਫ਼ੀਆ ਨਾਵਲ ਨਾਰੀ ਚੇਤਨਾ ਦੀ ਵਿਚਾਰਧਾਰਾ ਤੋਂ ਬੇਹੱਦ ਮਹੱਤਵਪੂਰਨ ਹੈ। ਨਾਵਲ ਵਿਚ ਸੋਫ਼ੀਆ ਦਲੀਪ ਸਿੰਘ ਦੇ ਪਰਿਵਾਰ ਅਤੇ ਸਮੁੱਚੇ ਨਾਵਲ ਦੀ ਕੇਂਦਰੀ ਧਿਰ ਹੈ। ਨਾਰੀ ਚੇਤਨਾ ਲਹਿਰ ਵਿੱਚ ਉਸਦੀ ਭੂਮਿਕਾ ਨੂੰ ਘਟਾ ਕੇ ਨਹੀਂ ਵੇਖਿਆ ਜਾ ਸਕਦਾ। ਨਾਵਲਕਾਰ ਨੇ ਸੋਫ਼ੀਆ ਦੇ ਮਾਧਿਅਮ ਨਾਲ ਨਾਰੀ-ਜਾਗਰੂਕਤਾ ਨੂੰ ਪੇਸ਼ ਕੀਤਾ ਹੈ, ਉਹ ਬਰਤਾਨਵੀ ਹਕੂਮਤ ਦੁਆਰਾ ਕੀਤੇ ਗਏ ਮਹਾਰਾਜੇ ਦਲੀਪ ਸਿੰਘ ਨਾਲ ਵਿਤਕਰੇ ਕਾਰਨ ਅਤੇ ਸਮਾਜਿਕ ਤੌਰ ਤੇ ਔਰਤਾਂ ਨਾਲ ਹੁੰਦੇ ਦੁਰਵਿਹਾਰ ਕਾਰਨ ਬਰਤਾਨਵੀ ਸਰਕਾਰ ਤੋਂ ਅਸੰਤੁਸ਼ਟ ਸੀ। ਸੋਫ਼ੀਆ ਸਮੇਤ ਦਲੀਪ ਸਿੰਘ ਦੇ ਸਾਰੇ ਬੱਚਿਆਂ ਨੂੰ ਵਿਦਰੋਹੀ ਬਾਪ ਦੇ ਬੱਚੇ ਕਿਹਾ ਗਿਆ ਪਰ ਇਸਦਾ ਸਭ ਤੋਂ ਵੱਧ ਪ੍ਰਭਾਵ ਸੋਫ਼ੀਆ ਉਪਰ ਪਿਆ। ਨਾਵਲਕਾਰ ਨੇ ਨਾਰੀ-ਜਾਗਰੂਕਤਾ ਦੀ ਵਿਚਾਰਧਾਰਾ ਨੂੰ ਪੇਸ਼ ਕਰਨ ਲ਼ਈ ਹੀ ਸੋਫ਼ੀਆ ਨੂੰ ਉਚੇ ਖਾਨਦਾਨਾਂ ਦੀਆਂ ਔਰਤਾਂ ਵਾਂਗ ਵਿਭਿੰਨ ਕਿਸਮ ਦੇ ਸ਼ੌਂਕਾਂ ਦੀ ਚਰਚਾ ਨਾਵਲ ਵਿਚ ਕਰਦਾ ਹੈ। ਇੰਡੀਅਨ ਰਾਜਕੁਮਾਰੀ ਹੋਣ ਕਾਰਨ ਉਸਨੂੰ 'ਬਲੈਕ ਪ੍ਰਿੰਸਿਸ' ਵੀ ਕਿਹਾ ਜਾਂਦਾ ਸੀ। ਇਸ ਸਮੇਂ ਦੇ ਸਮਾਜ ਵਿੱਚ ਔਰਤਾਂ ਉਪਰ ਬੇਹੱਦ ਪਾਬੰਦੀਆਂ ਲੱਗੀਆਂ ਹੋਈਆਂ ਸਨ। ਉਨ੍ਹਾਂ ਨੂੰ ਅਨੇਕਾਂ ਅਧਿਕਾਰਾਂ ਤੋਂ ਵਾਂਝਿਆ ਰੱਖਿਆ ਗਿਆ। ਰਾਜਕੁਮਾਰੀ ਸੋਫ਼ੀਆ ਨੇ ਇਨ੍ਹਾਂ ਪ੍ਰਤਿਬੰਧਾਂ ਨੂੰ ਤੋੜਨ ਦੀ ਸਫ਼ਲ ਕੋਸ਼ਿਸ਼ ਕੀਤੀ। ਨਾਵਲਕਾਰ ਨੇ ਨਾਰੀ-ਜਾਗਰੁਕਤਾ ਅਧੀਨ ਨਾਵਲ ਵਿਚ ਉਸ ਸਮੇਂ ਦੀ ਸਿੱਖਿਆ ਪ੍ਰਣਾਲੀ ਉਤੇ ਵੀ ਚਾਨਣਾ ਪਾਇਆ ਗਿਆ ਹੈ। ਜਿਸ ਵਿਚ ਔਰਤਾਂ ਨੂੰ ਮੈਡੀਕਲ ਦੀ ਪੜ੍ਹਾਈ ਕਰਨ ਤੋਂ ਮਨਾਹੀ ਸੀ। ਬੰਬਾ ਜਦੋਂ ਦੁਬਾਰਾ ਪੜ੍ਹਨ ਦੀ ਇੱਛਾ ਰੱਖਣ ਲੱਗੀ ਤਾਂ ਉਸਨੇ ਸੈਫ਼ (ਸੋਫ਼ੀਆ) ਨਾਲ ਇਸ ਸੰਬੰਧੀ ਵਿਚਾਰ ਚਰਚਾ ਕੀਤੀ;

*ਸੈਫ਼ ਮੈਂ ਡਾਕਟਰੀ ਕਰਨ ਦਾ ਫੈਸਲਾ ਕੀਤਾ ਹੈ।" ਬੰਬਾ ਨੇ ਅਚਾਨਕ ਚੁੱਪ ਤੋੜਦਿਆਂ ਕਿਹਾ।*

*ਕੀ... ਸੋਫ਼ੀਆ ਹੈਰਾਨੀ ਨਾਲ ਬੰਬਾ ਨੂੰ ਵੇਖ ਰਹੀ ਸੀ।*

*ਮੈਂ ਮੈਡੀਕਲ ਕਰਨ ਦਾ ਫੈਸਲਾ ਕੀਤਾ ਹੈ ਤੇ ਕਰਨਾ ਵੀ ਜਰੂਰ ਹੈ।"*

*ਪਰ ਬੰਬਾ ਔਰਤਾਂ ਨੂੰ ਤਾਂ ਮੇਰੇ ਖਿਆਲ 'ਚ ਮੈਡੀਕਲ ਦੀ ਪੜ੍ਹਾਈ ਦੀ ਆਗਿਆ ਹੀ ਨਹੀਂ ਹੈ।"*

*ਹਾਂ ਮੈਨੂੰ ਪਤਾ..* [11]

ਉਕਤ ਤੋਂ ਸਪੱਸ਼ਟ ਹੈ ਕਿ ਉਸ ਸਮੇਂ ਮੈਡੀਕਲ ਦੀ ਪੜ੍ਹਾਈ ਕਰਨਾ ਔਰਤਾਂ ਲਈ ਪ੍ਰਤਿਬੰਧਿਤ ਸੀ ਪਰ ਬੰਬਾ ਨੇ ਸੋਫ਼ੀਆ ਨੂੰ ਦੱਸਿਆ ਕਿ ਹੁਣ ਤੱਕ ਇਕ ਔਰਤ (ਐਲਿਜ਼ਾਬੈਥ ਗੈਰਟ ਐਂਡਰਸਨ) ਨੇ ਹੀ ਕਿਸੇ ਸੁਸਾਇਟੀ ਰਾਹੀਂ ਲਾਇਸੈਂਸ ਲੈ ਕੇ ਮੈਡੀਕਲ ਦੀ ਪੜ੍ਹਾਈ ਕੀਤੀ ਹੈ। ਇਸ ਤਰ੍ਹਾਂ ਯੂ ਕੇ ਵਿਚ ਔਰਤਾਂ ਦੀ ਪੜ੍ਹਾਈ ਵਿਚ ਕਮਜ਼ੋਰ ਸਥਿਤੀ ਨੂੰ ਦੇਖਦਿਆਂ ਹੀ ਬੰਬਾ ਨੇ ਅਮਰੀਕਾ ਵਿਚ ਜਾ ਕੇ ਪੜ੍ਹਾਈ ਪੂਰੀ ਕਰਨ ਦਾ ਫੈਸਲਾ ਲਿਆ।

ਨਾਵਲ ਵਿਚ ਔਰਤਾਂ ਦੀ ਦੁਰਦਸ਼ਾ ਹੀ ਨਹੀਂ ਬਲਕਿ ਔਰਤਾਂ ਵਿਚ ਵਧ ਰਹੀ ਚੇਤਨਤਾ ਨੂੰ ਵੀ ਵਿਚਾਰਧਾਰਾ ਦੇ ਰੂਪ ਵਿੱਚ ਪੇਸ਼ ਕੀਤਾ ਹੈ। ਸੋਫ਼ੀਆ ਸਿਰਫ਼ ਮਹਾਰਾਜਾ ਦਲੀਪ ਸਿੰਘ ਦੇ ਖੁੱਸੇ ਹੋਏ ਰਾਜ ਭਾਗ ਦੀ ਹੀ ਪ੍ਰਾਪਤੀ ਵੱਲ ਨਹੀਂ ਸੀ ਅਹੁਲਦੀ ਬਲਕਿ ਉਹ ਉਸ ਸਮੇਂ ਦੀਆਂ ਔਰਤਾਂ ਦੇ ਹੱਕਾਂ ਬਾਰੇ ਵੀ ਸੁਚੇਤ ਪੱਧਰ ਤੇ ਲੜਾਈ ਲੜਦੀ ਹੈ। ਪ੍ਰੰਤੂ ਇਸ ਲਹਿਰ ਨਾਲ ਜੋੜਨ ਲਈ ਉਸਨੂੰ ਡਗਡੇਲ ਨੇ ਪ੍ਰੋਤਸਾਹਿਤ ਕੀਤਾ। ਇਸ ਸੰਬੰਧੀ ਡਗਡੇਲ ਸੋਫ਼ੀਆ ਨੂੰ ਨੈਸ਼ਨਲ ਯੂਨੀਅਨ ਆਫ਼ ਵੋਮਨ ਬਾਰੇ ਦੱਸਦੀ ਹੈ। ਇਸ ਤੋਂ ਪ੍ਰਭਾਵਿਤ ਹੋ ਕੇ ਸੋਫ਼ੀਆ ਪੱਕੇ ਤੌਰ ਤੇ ਇਸ ਲਹਿਰ ਨਾਲ ਜੁੜਦੀ ਹੈ, ਇਸ ਬਾਰੇ ਕਿੰਗ ਐਡਵਰਡ ਨੂੰ ਵੀ ਖੁਫੀਆ ਰਿਪੋਰਟਾਂ ਦੇ ਮਾਧਿਅਮ ਨਾਲ ਪਤਾ ਲੱਗ ਗਿਆ ਕਿ ਸੋਫ਼ੀਆ ਹੁਣ ਖੁੱਲ੍ਹੇ ਤੌਰ ਤੇ ਔਰਤਾਂ ਦੇ

ਅਧਿਕਾਰਾਂ ਦਾ ਸਮਰਥਨ ਕਰਦੀ ਹੈ। ਦੂਜੇ ਪਾਸੇ ਲਾਰਡ ਕਰਜ਼ਨ ਭਾਰਤ ਵਿਚ ਬਣਾਈ ਸਫਰਾਜੈਂਟ ਮੂਵਮੇਂਟ ਦਾ ਵਿਰੋਧੀ ਸੀ ਕਿਉਂਕਿ ਉਹ ਔਰਤਾਂ ਨੂੰ ਇਸ ਕਾਬਿਲ ਨਹੀਂ ਸਮਝਦਾ ਸੀ ਕਿ ਉਹ ਸਿਆਸਤ ਵਿੱਚ ਆਉਣ ਇਸ ਲਈ ਉਸਨੇ ਨੈਸ਼ਨਲ ਲੀਗ ਫਾਰ ਅਪੋਜ਼ਿੰਗ ਵੋਮਨ ਸਫਰਾਜੈਂਟ ਬਣਾਈ ਜੋ ਔਰਤਾਂ ਦੇ ਹੱਕਾਂ ਨੂੰ ਦਬਾਇਆ ਜਾ ਸਕੇ। ਨਾਵਲਕਾਰ ਨੇ ਔਰਤਾਂ ਦੀ ਅਗਵਾਈ ਕਰ ਰਹੇ ਜਲੂਸ ਦੀ ਸ਼ਾਖਸ਼ਾਤ ਤਸਵੀਰ ਪੇਸ਼ ਕਰਕੇ ਨਾਰੀ-ਸੰਘਰਸ਼ ਨੂੰ ਰੂਪਮਾਨ ਕੀਤਾ ਹੈ।

*ਐਮਲੀਨ ਨੇ ਧੱਕਾ ਦੇ ਕੇ ਪੁਲੀਸ ਦੀ ਕਤਾਰ ਵਿਚੋਂ ਲੰਘਣ ਦਾ ਯਤਨ ਕੀਤਾ। ਕਿਸੇ ਨੇ ਖਿੜਕੀ ਤੇ ਪੱਥਰ ਸੁੱਟਿਆ ਤੇ ਕਿਧਰੋਂ ਹੋਰ ਵੀ ਪੱਥਰਾਂ ਦੀ ਆਵਾਜ਼ ਆਈ। ਖਿੜਕੀਆਂ ਦੇ ਟੁੱਟਦੇ ਸ਼ੀਸ਼ੇ ਤੇ ਪੁਲੀਸ ਅਤੇ ਔਰਤਾਂ ਦੀਆਂ ਉੱਚੀਆਂ ਆਵਾਜ਼ਾਂ ਦਾ ਸ਼ੋਰ ਹਰ ਕਿਸੇ ਲਈ ਫਿਕਰ ਅਤੇ ਡਰ ਪੈਦਾ ਕਰ ਰਿਹਾ ਸੀ। ਪੁਲੀਸ ਨੇ ਪੂਰੀ ਤਾਕਤ ਨਾਲ ਔਰਤਾਂ ਨੂੰ ਸੜਕ ਤੋਂ ਪਾਰ ਧੱਕ ਦਿੱਤਾ। ਔਰਤਾਂ ਨੇ ਫਿਰ ਇਕ ਵਾਰ ਹੰਭਲਾ ਮਾਰਿਆ ਤੇ ਪੁਲੀਸ ਨਾਲ ਆ ਟਕਰਾਈਆਂ। ਪੁਲਿਸ ਪਹਿਲਾਂ ਨਾਲੋਂ ਵੱਧ ਤਾਕਤ ਦੀ ਵਰਤੋਂ ਕਰਨ ਲੱਗੀ। ਕੁਝ ਔਰਤਾਂ ਦੇ ਘਸੁੰਨ ਮੁੱਕੇ ਲੱਗੇ ਤੇ ਕਈਆਂ ਦੇ ਚਿਹਰਿਆਂ ਤੋਂ ਲਹੂ ਵਗਣ ਲੱਗਾ। ਕੁਝ ਮਿੰਟਾਂ ਵਿੱਚ ਲੜਾਈ ਖ਼ੂਨੀ ਰੂਪ ਧਾਰ ਗਈ। ਪੁਲੀਸ ਨੇ ਕੁਝ ਔਰਤਾਂ ਤੇ ਕੁਝ ਕੁ ਆਦਮੀਆਂ ਨੂੰ ਪਕੜ ਲਿਆ ਤੇ ਜੇਲ੍ਹ ਭੇਜ ਦਿੱਤਾ।* [12]

ਔਰਤਾਂ ਦੀ ਇਸ ਲਹਿਰ ਨੂੰ ਦਬਾਉਣ ਲਈ ਹਰੇਕ ਸੰਭਵ ਕੋਸ਼ਿਸ਼ ਕੀਤੀ ਗਈ। ਪਰ ਔਰਤਾਂ ਆਪਣੇ ਅਧਿਕਾਰਾਂ ਦੀ ਪ੍ਰਾਪਤੀ ਲਈ ਸੰਘਰਸ਼ ਵਿਚ ਡਟੀਆਂ ਰਹੀਆਂ। ਜੇਲ੍ਹ ਭੇਜੀਆਂ ਗਈਆਂ ਔਰਤਾਂ ਨੇ ਭੁੱਖ ਹੜਤਾਲ ਸ਼ੁਰੂ ਕਰ ਦਿੱਤੀ। ਇਸ ਦੇ ਚਲਦੇ ਕੈਦੀਆਂ ਨੂੰ ਜ਼ਬਰੀ ਖ਼ੁਰਾਕ ਦੇਣ ਦਾ ਫ਼ੈਸਲਾ ਕੀਤਾ ਗਿਆ। ਜਿੱਥੇ ਜੇਲਾਂ ਵਿੱਚ ਔਰਤਾਂ ਨਾਲ ਅਮਾਨਵੀ ਵਿਵਹਾਰ ਕੀਤਾ ਜਾਂਦਾ ਸੀ ਉਥੇ ਜੇਲ੍ਹ ਤੋਂ ਬਾਹਰ ਬੈਠੀਆਂ ਜਥੇਬੰਦਕ ਔਰਤਾਂ ਨੇ ਸਰਕਾਰ ਨੂੰ ਟੈਕਸ ਭਰਨ ਤੋਂ ਇਨਕਾਰ ਕਰ ਦਿੱਤਾ। ਜਿਵੇਂ-

*ਸਰਕਾਰ 'ਤੇ ਆਰਥਿਕ ਸੱਟ ਮਾਰੀ ਜਾਵੇ। ਆਪਣਾ ਨਾਹਰਾ ਹੋਵੇ, 'ਵੋਟ ਨਹੀਂ ਤਾਂ ਟੈਕਸ ਨਹੀਂ।' ਇਕ ਸੱਤਰ ਕੁ ਸਾਲ ਦੀ ਔਰਤ ਨੇ ਕਿਹਾ ਤਾਂ ਸਾਰੀਆਂ ਨੇ ਤਾੜੀਆਂ ਮਾਰ ਕੇ ਉਸਦੇ ਵਿਚਾਰ ਦਾ ਸਵਾਗਤ ਕੀਤਾ।*

*ਟੈਕਸ ਰਿਟਰਨ ਵੀ ਭਰਨ ਦੀ ਲੋੜ ਨਹੀਂ। ਜਦੋਂ ਟੈਕਸ ਇੰਸਪੈਕਟਰ ਆਉਣ ਤਾਂ ਉਹਨਾਂ ਦੀ ਗੱਲ ਸੁਣਨ ਦੀ ਲੋੜ ਨਹੀਂ"*[13]

ਇਸ ਤੋਂ ਇਲਾਵਾ ਔਰਤਾਂ ਨੇ ਸਿਆਸਤਦਾਨਾਂ ਨੂੰ ਵੀ ਘੇਰਨਾ ਸ਼ੁਰੂ ਕਰ ਦਿੱਤਾ। ਇਸਦੇ ਚਲਦੇ ਔਰਤਾਂ ਦੀ ਗ੍ਰਿਫ਼ਤਾਰੀ ਵੀ ਹੋਈ। ਪੁਲਿਸ ਵੱਲੋਂ ਔਰਤਾਂ ਉਪਰ ਨਿਰੰਤਰ ਜ਼ੁਲਮ ਹੋ ਰਹੇ ਸਨ। ਇਸਦੇ ਬਾਵਜੂਦ ਵੀ ਔਰਤਾਂ ਵੋਟ ਦਾ ਅਧਿਕਾਰ ਪ੍ਰਾਪਤ ਕਰਨ ਲਈ ਉਤਸ਼ਾਹਿਤ ਸਨ।

*ਮੈਂ ਇਕ ਸ਼ੀਸ਼ੇ ਦੀ ਬੋਤਲ ਤੋੜੀ। ਉਸਦੇ ਇਕ ਟੁਕੜੇ ਨਾਲ ਆਪਣੀ ਛਾਤੀ ਤੇ ਵ ਖੋਦ ਲਿਆ। ਲਹੂ ਲੁਹਾਣ ਹੋਈ ਨੂੰ ਕਿਸੇ ਨੇ ਵੇਖ ਲਿਆ ਤੇ ਵਾਰਡਨਾਂ ਨੇ ਆ ਕੇ ਮੇਰੇ ਕੋਲੋਂ ਸ਼ੀਸ਼ਾ ਖੋਹ ਲਿਆ। ਅਸਲ ਵਿੱਚ ਮੈਂ ਵੋਟ ਫਾਰ ਵੋਮਨ ਆਪਣੀ ਛਾਤੀ ਤੇ ਖੋਦਣਾ ਚਾਹੁੰਦੀ ਸੀ।*[14]

ਪਹਿਲਾਂ ਸਰਕਾਰ ਨੇ 1918 ਫਰਵਰੀ ਵਿਚ ਔਰਤਾਂ ਨੂੰ ਕੁਝ ਸ਼ਰਤਾਂ (ਜ਼ਾਇਦਾਦ ਜਾਂ ਆਮਦਨ ਹੋਣ ਦੀ ਸੂਰਤ) ਨਾਲ ਅਤੇ ਫੇਰ 1928 ਫਰਵਰੀ ਨੂੰ ਮਰਦਾਂ ਦੇ ਬਰਾਬਰ ਅਧਿਕਾਰ ਦਾ ਹੱਕ ਵਾਲਾ ਬਿਲ ਪਾਸ ਕਰਕੇ ਔਰਤਾਂ ਨੂੰ ਵੋਟ ਦਾ ਅਧਿਕਾਰ ਦਿੱਤਾ। ਇਸ ਤਰ੍ਹਾਂ ਇਹ ਨਾਵਲ ਔਰਤਾਂ ਦੇ ਵੋਟ ਦੇ ਅਧਿਕਾਰ ਦੀ ਪ੍ਰਾਪਤੀ ਦਾ ਇਕ ਇਤਿਹਾਸਕ ਦਸਤਾਵੇਜ਼ ਹੋ ਨਿੱਬੜਦਾ ਹੈ।

ਇਸ ਤਰ੍ਹਾਂ ਹੀ ਬਾਗ਼ੀ ਹੋਈ ਪੌਣ ਨਾਵਲ ਵਿਚ ਔਰਤਾਂ ਨਾਲ ਹੋਈਆਂ ਵਧੀਕੀਆਂ ਦੇ ਪ੍ਰਮਾਣ ਮਿਲਦੇ ਹਨ, ਸੁਭਾਵਿਕ ਹੀ ਲੁੱਟਾਂ ਖੋਹਾਂ ਵਿਚ ਸਭ ਤੋਂ ਵੱਧ ਖ਼ਤਰਾ ਔਰਤਾਂ ਲਈ ਪੈਦਾ ਹੁੰਦਾ ਹੈ। ਹਮਲਾਵਰ ਜਵਾਨ ਧੀਆਂ, ਔਰਤਾਂ ਨੂੰ ਜ਼ਬਰਦਸਤੀ ਚੁੱਕ ਕੇ ਲੈ ਜਾਂਦੇ ਸਨ। ਨਾਵਲ ਵਿਚ ਔਰਤਾਂ ਨਾਲ ਹੁੰਦੀ ਵਧੀਕੀ ਦੇ ਪ੍ਰਮਾਣ ਬਹੁਤ ਘੱਟ ਮਾਤਰਾ ਵਿੱਚ ਮਿਲਦੇ ਹਨ, ਮਹਾਰਾਜਾ ਰਣਜੀਤ ਸਿੰਘ ਦੀ ਮੌਤ ਉਪਰੰਤ ਉਸਦੀਆਂ ਰਾਣੀਆਂ ਅਤੇ ਦਾਸੀਆਂ ਇਕ ਧਰਮ ਪ੍ਰਥਾ ਅਨੁਸਾਰ ਉਸਦੀ ਚਿਤਾ ਵਿਚ ਸੜ ਕੇ ਸਤੀ ਹੁੰਦੀਆਂ ਹਨ। ਨਾਵਲਕਾਰ ਨੇ ਇਸ ਨਾਵਲ ਵਿਚ ਸਿੱਖ ਔਰਤ ਨੂੰ ਚੰਡੀ ਦਾ ਰੂਪ ਪੇਸ਼ ਕੀਤਾ ਹੈ। ਨਾਵਲ ਵਿਚ ਜਦੋਂ ਏਕਮ ਸਿੱਖ ਫੌਜ ਵਿੱਚ ਸ਼ਾਮਲ ਹੋਣ ਲਈ ਤਿਆਰ ਹੋ ਜਾਂਦਾ ਹੈ। ਉਸਦੀ ਮਾਂ ਪ੍ਰਸਿੰਨੀ ਦੇ ਮਨ ਵਿਚ ਚੰਦ ਕੁਰ (ਏਕਮ ਦੀ ਪਤਨੀ) ਬਾਰੇ ਫ਼ਿਕਰ ਉੱਠਣ ਲੱਗਦੇ ਹਨ। ਪਰ ਚੰਦ ਕੁਰ ਉਸਨੂੰ ਜਵਾਬ ਦਿੰਦੀ ਹੈ;

*ਬੇਬੇ ਜਮਾਂ ਫਿਕਰ ਨਾ ਕਰ। ਤੀਮੀਂ ਜਦੋਂ ਤੱਕ ਆਵਦੇ ਆਪ ਨੂੰ ਤੀਮੀ ਸਮਝਦੀ ਆ, ਤਾਂ ਅਬਲਾ ਤੇ ਬੇਸਹਾਰਾ ਬਣੀ ਰਹਿੰਦੀ ਐ। ਮੈਂ ਹੁਣ ਤੀਮੀ ਹੋਣ ਤੋਂ ਪਹਿਲਾਂ ਆਵਦੇ ਆਪ ਨੂੰ ਚੰਡੀ ਸਮਝਦੀ ਆਂ। ਆਹ ਦੇਖ। ਕੁੜੀ ਨੇ ਸੱਜੇ ਪਾਸੇ ਤੋਂ ਆਪਣੀ ਕੁੜਤੀ ਥੋੜੀ ਉਪਰ ਕੀਤੀ ਤੇ ਦਸ ਕੁ ਇੰਚ ਦੀ ਕਟਾਰ ਲੱਕ ਨਾਲ ਕੱਪੜੇ ਦੀ ਬੱਧਰੀ ਨਾਲ ਬੰਨ੍ਹੀ ਹੋਈ ਦਿਖਾਈ ਦਿੱਤੀ। ਇਸਦੀ ਵਰਤੋਂ ਪਹਿਲਾਂ ਵੈਰੀ ਤੇ ਹੋਊ ਤੇ ਲੋੜ ਪੈਣ ਤੇ ਆਵਦੀ ਜਾਨ ਲੈਣ ਲਈ ਵੀ ਵਰਤੂੰ।"* [15]

ਇਸ ਤਰ੍ਹਾਂ ਨਾਵਲਕਾਰ ਨੇ ਸਿੱਖ ਔਰਤ ਦੇ ਬਾਗ਼ੀ ਸਰੂਪ ਨੂੰ ਚਿਤਰਿਆ ਹੈ। ਜਦੋਂ ਫੌਜਾਂ ਹਮਲਾ ਕਰਦੀਆਂ ਹਨ ਤਾਂ ਦੋਵੇਂ ਔਰਤਾਂ ਨੇ ਡਟ ਕੇ ਮੁਕਾਬਲਾ ਕੀਤਾ ਅਤੇ ਅੰਤ ਨੂੰ ਸ਼ਹਾਦਤ ਪ੍ਰਾਪਤ ਕੀਤੀ। ਇਸ ਤਰ੍ਹਾਂ ਨਾਵਲਕਾਰ ਨੇ ਸਿੱਖ ਔਰਤ ਨੂੰ ਮਰਦ ਦੇ ਬਰਾਬਰ ਦੀ ਧਿਰ ਵਜੋਂ ਪੇਸ਼ ਕੀਤਾ ਹੈ ਧਾਲੀਵਾਲ ਦੇ ਨਾਵਲ ਸੋਫ਼ੀਆ, ਬਾਗ਼ੀ ਹੋਈ ਪੌਣ ਵਿਚੋਂ ਇਸ ਤਰ੍ਹਾਂ ਦੀ ਵਿਚਾਰਧਾਰਾ ਦੇਖੀ ਜਾ ਸਕਦੀ ਹੈ। ਧਾਲੀਵਾਲ ਵਾਸਤਵ ਵਿੱਚ ਮਾਨਵਵਾਦੀ ਸੋਚ ਦਾ ਨਾਵਲਕਾਰ ਹੈ ਇਸ ਲਈ ਉਹ ਸਮਾਜ ਵਿਚ ਹੁੰਦੇ ਹਰੇਕ ਕਿਸਮ ਦੇ ਅਮਾਨਵੀ ਵਿਵਹਾਰ ਨੂੰ ਆਪਣੇ ਨਾਵਲਾਂ ਵਿਚ ਪੇਸ਼ ਕਰਕੇ ਉਸ ਪ੍ਰਤੀ ਆਪਣੀ ਭਾਵਨਾ ਨੂੰ ਪੇਸ਼ ਕੀਤਾ ਹੈ। ਧਾਲੀਵਾਲ ਦੀ ਵਿਚਾਰਧਾਰਾ ਦਾ ਇਕ ਪੱਖ ਨਾਰੀ ਦੀ ਹੋਂਦ ਅਤੇ ਜਾਗਰੂਕਤਾ ਵੱਲ ਖੁੱਲ੍ਹਦਾ ਹੈ ਉਸਦੇ ਨਾਵਲਾਂ ਵਿਚ ਪੱਛਮੀ ਮੁਲਕਾਂ ਵਿੱਚ ਹੁੰਦੇ ਨਾਰੀ ਦੇ ਸ਼ੋਸ਼ਣ ਤੋਂ ਇਲਾਵਾ ਉਥੋਂ ਦੀ ਆਜ਼ਾਦ-ਔਰਤ ਦੇ ਸੰਕਲਪ ਨੂੰ ਵੀ ਉਘਾੜਿਆ ਹੈ। ਸੋਫ਼ੀਆ ਨਾਵਲ ਵਿਚ ਉਸਨੇ ਨਾਰੀ ਦੀ ਦਸ਼ਾ, ਦਿਸ਼ਾ ਸੁਧਾਰਨ ਵਿੱਚ ਔਰਤਾਂ ਦੇ ਯੋਗਦਾਨ ਨੂੰ ਬਾਖੂਬੀ ਬਿਆਨ ਕੀਤਾ ਹੈ। ਧਾਲੀਵਾਲ ਦੇ ਨਾਵਲਾਂ ਦੀ ਵਿਚਾਰ ਦ੍ਰਿਸ਼ਟੀ ਵਿਗਿਆਨ ਅਤੇ ਧਰਮ ਦੇ ਅੰਧ ਵਿਸ਼ਵਾਸੀ ਮਾਪਦੰਡ ਵਿਚਕਾਰ ਚਰਚਾ ਛੇੜਦੀ ਹੈ ਅਤੇ ਲੋਕਾਂ ਵਿਚ ਵਿਗਿਆਨਕ ਸੋਚ ਦਾ ਪਸਾਰਾ ਕਰਦੀ ਹੈ। ਇਸ ਤਰ੍ਹਾਂ ਉਹ ਧਾਰਮਿਕ ਅੰਧ ਵਿਸ਼ਵਾਸ਼ ਅਤੇ ਪਖੰਡਵਾਦ ਨੂੰ ਮੂਲੋਂ ਰੱਦ ਕਰਕੇ ਚੱਲਦਾ ਹੈ। ਧਾਲੀਵਾਲ ਦੀ

ਵਿਚਾਰਧਾਰਾ ਅਸਲ ਵਿਚ ਇਤਿਹਾਸਕ ਤੱਥਾਂ ਦੇ ਗਲਪੀਕਰਨ ਉਪਰ ਉਸਰੀ ਹੋਈ ਹੈ ਜਿਸ ਵਿਚ ਉਹ ਪੰਜਾਬ ਦੇ ਇਤਿਹਾਸ ਨੂੰ ਗਲਪੀ ਰੂਪ ਦਿੰਦਾ ਹੈ। ਉਹ ਸਿੱਖ ਰਾਜ ਦੀ ਚੜ੍ਹਤ, ਅੰਤ, ਡਾਵਾਂਡੋਲ ਸਥਿਤੀ, ਗੁਰੀਲਾ ਯੁੱਧ ਤੋਂ ਇਲਾਵਾ ਸਿੱਖ ਰਾਜ ਸਮੇਂ ਦੇ ਸਮਾਜਿਕ, ਆਰਥਿਕ ਅਤੇ ਰਾਜਨੀਤਕ ਮਸਲਿਆਂ ਨੂੰ ਵੀ ਪੇਸ਼ ਕਰਦਾ ਹੈ।

ਧਾਲੀਵਾਲ ਦੁਆਰਾ ਪੇਸ਼ ਸਿੱਖ ਵਰਤਾਰਿਆਂ ਨੂੰ ਗਲਪੀ ਰੂਪ ਵਿਚ ਢਾਲਣ ਦਾ ਕਾਰਨ ਸਮਕਾਲੀਨ ਮਾਰੂ ਪ੍ਰਸਥਿਤੀਆਂ ਵਿਚ ਸਿੱਖਾਂ ਦੀ ਇਤਿਹਾਸਕ ਸਥਿਤੀ ਤੋਂ ਸੇਧ ਲੈਣ ਦੀ ਇੱਛਾ ਹੈ, ਦੂਜਾ ਪ੍ਰਵਾਸੀ ਪੰਜਾਬੀ ਹੋਣ ਕਾਰਨ ਉਹ ਉਨ੍ਹਾਂ ਪਾਤਰਾਂ (ਦਲੀਪ ਸਿੰਘ) ਨੂੰ ਆਪਣੇ ਨਾਇਕ ਬਣਾਉਂਦਾ ਹੈ ਜਿਨ੍ਹਾਂ ਨੇ ਆਪਣੇ ਜੀਵਨ ਵਿਚ ਭੂ ਹੇਰਵਾ, ਬੇਗਾਨਗੀ ਨੂੰ ਹੰਢਾਇਆ ਅਤੇ ਆਪਣੀ ਮਾਤ ਭੂਮੀ ਵੱਲ ਮੁੜਨ ਲਈ ਅਹੁਲਦਾ ਹੈ, ਇਸ ਤਰ੍ਹਾਂ ਧਾਲੀਵਾਲ ਅਜੋਕੇ ਮਨੁੱਖ (ਜੋ ਆਧੁਨਿਕਤਾ ਦੀ ਆੜ ਹੇਠ ਆਪਣੇ ਅਸਲੇ ਤੋਂ ਦੂਰ ਜਾ ਰਹੇ) ਨੂੰ ਆਪਣੀ ਸਭਿਆਚਾਰਕ, ਧਾਰਮਿਕ ਗੌਰਵਤਾ ਵੱਲ ਮੁੜਨ ਦਾ ਸੰਦੇਸ਼ ਦਿੰਦਾ ਹੈ। ਧਾਲੀਵਾਲ ਦੇ ਨਾਵਲ ਮਨੁੱਖ ਨੂੰ ਵਿਕਟ ਸਥਿਤੀਆਂ ਵਿਚ ਜਿਉਣ ਦੀ ਚਾਹਤ ਨਾਲ ਭਰਦੇ ਹਨ, ਇਸ ਸੰਦਰਭ ਵਿਚ ਉਹ ਸਿੱਖ ਇਤਿਹਾਸ ਦੇ ਅਤਿ ਸੰਕਟਮਈ ਪੜਾਅ (ਬਾਬਾ ਬੰਦਾ ਸਿੰਘ ਬਹਾਦਰ ਤੋਂ ਬਾਅਦ ਦੇ ਸਮੇਂ, ਸਿੱਖਾਂ ਦੀ ਨਸਲਕੁਸ਼ੀ) ਨੂੰ ਆਪਣੇ ਨਾਵਲੀ ਬਿਰਤਾਂਤ ਵਿਚ ਪੇਸ਼ ਕਰਦਾ ਹੈ ਅਤੇ ਨਿਊਨ ਹਾਲਾਤ, ਘੱਟ ਸਾਧਨਾਂ, ਸੀਮਤ ਇੱਛਾਵਾਂ ਵਿਚ ਜਿਉਣ ਦਾ ਰਾਹ ਪੇਸ਼ ਕਰਦਾ ਹੈ। ਧਾਲੀਵਾਲ ਦੇ ਨਾਵਲ ਸਿੱਖ ਇਤਿਹਾਸ ਨਾਲ ਜੁੜੀਆਂ ਉਨ੍ਹਾਂ ਸ਼ਖ਼ਸੀਅਤਾਂ ਨੂੰ ਉਭਾਰਦਾ ਹੈ ਜਿਨ੍ਹਾਂ ਨੂੰ ਇਤਿਹਾਸ ਵਿਚੋਂ ਹਾਸ਼ੀਏ ਉਪਰ ਧੱਕ ਦਿੱਤਾ ਹੈ, ਇਸ ਲਈ ਉਹ ਦਲੀਪ ਸਿੰਘ ਦੀ ਧੀ ਸੋਫ਼ੀਆ ਨੂੰ ਨਾਵਲ ਦੀ ਨਾਇਕਾ ਵਜੋਂ ਉਭਾਰਦਾ ਹੈ ਅਤੇ ਉਸਦੇ ਇਤਿਹਾਸਕ ਯਤਨਾ ਨੂੰ ਨਾਵਲੀ ਕਥਾ ਵਜੋਂ ਪੇਸ਼ ਕਰਦਾ ਹੈ। ਇਸ ਤਰ੍ਹਾਂ ਧਾਲੀਵਾਲ ਦੇ ਨਾਵਲ ਸਿੱਖ ਨਾਇਕਤਵ ਦੀ ਉਸਾਰੀ ਕਰਦੇ ਹੋਏ ਉਸਦੀ ਸਮਕਾਲੀਨ ਪ੍ਰਸੰਗਿਕਤਾ ਨੂੰ ਦਰਸਾਉਂਦੇ ਹਨ।

## *ਹਵਾਲੇ ਅਤੇ ਟਿੱਪਣੀਆਂ*


1. *ਕੁਮਾਰ, ਰਵਿੰਦਰ,(ਡਾ.) ਸਮਕਾਲੀ ਪੰਜਾਬੀ ਨਾਵਲ ਦੇ ਸਰੋਕਾਰ, ਵੀਰਪਾਲ ਕੌਰ ਸਿਵੀਆ (ਸੰਪਾ.), ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, ਪੰਨਾ:117*
2. *ਧਾਲੀਵਾਲ, ਮਹਿੰਦਰਪਾਲ, ਬਾਗ਼ੀ ਹੋਈ ਪੌਣ, ਪੀਪਲਜ਼ ਫੋਰਮ, ਬਰਗਾੜੀ, ਪੰਨਾ: 52*
3. *-ਓਹੀ- , ਬਾਗ਼ੀ ਹੋਈ ਪੌਣ, ਪੰਨਾ: 54*
4. *-ਓਹੀ- , ਸੋਫ਼ੀਆ, ਪੀਪਲਜ਼ ਫੋਰਮ, ਬਰਗਾੜੀ, ਪੰਨਾ:19*
5. *-ਓਹੀ- , ਪੰਨਾ:23*
6. *-ਓਹੀ- , ਪੰਨਾ:22*
7. *-ਓਹੀ- , ਪੰਨਾ:8-9*
8. *-ਓਹੀ- , ਪੰਨਾ:49*
9. *-ਓਹੀ- , ਬਾਗ਼ੀ ਹੋਈ ਪੌਣ, ਪੀਪਲਜ਼ ਫੋਰਮ, ਬਰਗਾੜੀ, ਪੰਨਾ: 11*
10. *-ਓਹੀ- , ਪੰਨਾ:17*
11. *-ਓਹੀ- , ਸੋਫ਼ੀਆ, ਪੀਪਲਜ਼ ਫੋਰਮ, ਬਰਗਾੜੀ, ਪੰਨਾ:50*
12. *-ਓਹੀ- , ਸੋਫ਼ੀਆ ਪੰਨਾ:106*
13. *-ਓਹੀ- , ਸੋਫ਼ੀਆ ਪੰਨਾ:107*
14. *-ਓਹੀ- , ਸੋਫ਼ੀਆ ਪੰਨਾ: 116*
15. *-ਓਹੀ- , ਬਾਗ਼ੀ ਹੋਈ ਪੌਣ, ਪੀਪਲਜ਼ ਫੋਰਮ, ਬਰਗਾੜੀ, ਪੰਨਾ:15*



## *Cite this Article-*

ਜਗਮੀਤ ਸਿੰਘ ਹਰਫ਼ (Jagmeet Singh Harf), Punjabi Novel Vich Sikh Itihasik Vervian Da Galpi Rupantaran (Mahinderpal Dhaliwal De Novel 'Baagi Hoi Paun' Ate 'Sofia' De Sandarbh Vich)*), ਅਰਮਾਨ (ARMAAN), ISSN: 2583-9446 (O), Volume 3, Issue 4, October-December2025, Page: 15-21.*

*Journal URL: www.armaan.org.in*

*DOI: https://doi.org/10.64119/armaan.vol.3.issue4.03*



*This article is an open access article published under the terms and conditions of the Creative Commons Attribution (CC BY-NC 4.0) license.* https://creativecommons.org/licenses/by-nc/4.0/